# ਮਨ ਪਰਦੇਸੀ ਜੇ ਥੀਐ

ਪੰਜਾਬੀ ਲੇਖਕ ਮੰਚ ਵੈਨਕੂਵਰ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ


ਮਨ ਪਰਦੇਸੀ ਜੇ ਥੀਐ

ਮੁਖ ਵਿਕਰੇਤਾ :

ਰਵੀ ਸਾਹਿਤ ਪ੍ਰਕਾਸ਼ਨ
ਹਾਲ ਬਾਜ਼ਾਰ, ਅੰਮ੍ਰਿਤਸਰ
(ਭਾਰਤ) 143006

# ਮਨੁ ਪਰਦੇਸੀ ਜੇ ਥੀਐ

— ਸੰਪਾਦਕ ਮੰਡਲ —

ਗੁਰਚਰਨ ਰਾਮਪੁਰੀ
ਸੁਰਜੀਤ ਕਲਸੀ
ਸੂਫ਼ੀ ਅਮਰਜੀਤ

**ਪੰਜਾਬੀ ਲੇਖਕ ਮੰਚ**
ਵੈਨਕੂਵਰ (ਕੈਨੇਡਾ)

ਪਹਿਲੀ ਵਾਰ : 1993
ਸਰਵਰਕ : ਸੁਖਵੰਤ ਸਿੰਘ
© ਪੰਜਾਬੀ ਲੇਖਕ ਮੰਚ
ਵੈਨਕੂਵਰ (ਕੈਨੇਡਾ)

ਪ੍ਰਕਾਸ਼ਕ :
ਪੰਜਾਬੀ ਲੇਖਕ ਮੰਚ
ਵੈਨਕੂਵਰ (ਕੈਨੇਡਾ)

ਮੁਖ ਵਿਕਰੇਤਾ :
ਰਵੀ ਸਾਹਿਤ ਪ੍ਰਕਾਸ਼ਨ
ਹਾਲ ਬਾਜ਼ਾਰ, ਅੰਮ੍ਰਿਤਸਰ
(ਭਾਰਤ) 143006
ਫੋਨ : 43799

ਛਾਪਕ :
ਗੰਭੀਰ ਪ੍ਰਿੰਟਿੰਗ ਪ੍ਰੈਸ
ਬਾਜ਼ਾਰ ਬਾਬਾ ਭੌੜੀ ਵਾਲਾ
ਅੰਮ੍ਰਿਤਸਰ—143006

**ਮੁੱਲ : ਇਕ ਸੌ ਰੁਪਿਆ**

**ਕੈਨੇਡਾ ਵਿਚ ਪੰਜਾਬੀ ਬੋਲੀ**
**ਅਤੇ**
**ਸਾਹਿਤ ਦੇ ਭਵਿੱਖ ਲਈ**
**ਯਤਨਸ਼ੀਲ ਲੋਕਾਂ ਨੂੰ**

ਮਨੁ ਪਰਦੇਸੀ ਜੇ ਥੀਐ
ਸਭੁ ਦੇਸੁ ਪਰਾਇਆ ॥
—ਗੁਰੂ ਨਾਨਕ


| | |
|---|---|
| ਗੀਤ / ਫ਼ੈਜ਼ ਅਹਿਮਦ ਫ਼ੈਜ਼ | 9 |
| ਮੁਖ ਸ਼ਬਦ /ਸੰਪਾਦਕ | 11 |
| ਗੁਰਚਰਨ ਰਾਮਪੁਰੀ | 13 |
| ਦਰਸ਼ਨ ਗਿੱਲ | 17 |
| ਅਜਮੇਰ ਰੋਡੇ | 20 |
| ਸਾਧੂ | 25 |
| ਸੁਰਜੀਤ ਕਲਸੀ | 29 |
| ਸੂਫ਼ੀ ਅਮਰਜੀਤ | 33 |
| ਮਹਿੰਦਰ ਸੂਮਲ | 37 |
| ਮੰਗਾ ਸਿੰਘ ਬਾਸੀ | 42 |
| ਇੰਦਰੇਸ਼ | 47 |
| ਗਿੱਲ ਮੋਰਾਂਵਾਲੀ | 51 |
| ਨਰਿੰਦਰ ਬਾਈਆ ਅਰਸ਼ੀ | 54 |
| ਅਮਰ ਸਿੰਘ ਬੈਨੀਪਾਲ | 58 |
| ਨਰਿੰਦਰ ਬਭਾਗੀਰਹਮ | 62 |
| ਨਦੀਮ ਪਰਮਾਰ | 66 |
| ਬਲਦੇਵ ਦੂਹੜੇ | 70 |

| | |
|---|---|
| ਅਮਰਜੀਤ ਚਾਹਲ | 75 |
| ਹਰਜਿੰਦਰ ਸਿੱਧੂ | 79 |
| ਹਰਚੰਦ ਸਿੰਘ ਬਾਗੜੀ | 85 |
| ਅਮਨਪਾਲ ਸਾਰਾ | 90 |
| ਅਮਰੀਕ ਪਲਾਹੀ | 95 |
| ਸੁਸ਼ੀਲ ਕੌਰ | 98 |
| ਮੋਹਨ ਗਿੱਲ | 102 |
| ਮੇਜਰ ਸਿੰਘ ਰਾਏ | 105 |
| ਸੁਖਵਿੰਦਰ ਕੌਰ ਬ੍ਰਹਮ | 110 |
| ਸੁਖਵੰਤ ਹੁੰਦਲ | 115 |
| ਗੁਰਮੇਲ ਰਾਏ | 118 |
| ਗੁਰਮੇਲ ਦਿਓਲ | 120 |
| ਗੁਰਚਰਨ ਟੱਲੇਵਾਲੀਆ | 124 |
| ਸਤਵੰਤ ਸਿੰਘ ਅਜੀਤ | 126 |
| ਅੰਤਿਕਾ : ਇੱਕ | 133 |
| ਅੰਤਿਕਾ : ਦੋ | 139 |
| ਲੇਖਕਾਂ ਬਾਰੇ ਜਾਣਕਾਰੀ | 149 |


## ਗੀਤ

### ਫੈਜ਼ ਅਹਿਮਦ ਫੈਜ਼

ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪਰਦੇਸੀਆ ਤੇਰੀਆਂ...
ਕਾਗ ਉਡਾਵਾਂ ਸ਼ਗਨ ਮਨਾਵਾਂ
ਵਗਦੀ 'ਵਾ ਦੇ ਤਰਲੇ ਪਾਵਾਂ
ਤੇਰੀ ਯਾਦ ਆਵੇ ਤੇ ਰੋਵਾਂ
ਤੇਰਾ ਜ਼ਿਕਰ ਕਰਾਂ ਤਾਂ ਹੱਸਾਂ
ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪ੍ਰਦੇਸੀਆ ਤੇਰੀਆਂ...

ਦਰਦ ਨਾ ਦੱਸਾਂ ਘੁਲਦੀ ਜਾਵਾਂ
ਰਾਜ਼ ਨਾ ਖੋਲ੍ਹਾਂ ਮੁਕਦੀ ਜਾਵਾਂ
ਕਿਸ ਨੂੰ ਦਿਲ ਦੇ ਦਾਗ਼ ਦਿਖਾਵਾਂ
ਕਿਸ ਦਰ ਅੱਗੇ ਝੋਲੀ ਡਾਹਵਾਂ
ਵੇ ਮੈਂ ਕਿਸ ਦਾ ਦਾਮਨ ਖੱਸਾਂ
ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪ੍ਰਦੇਸੀਆ ਤੇਰੀਆਂ ..

ਸ਼ਾਮ ਉਡੀਕਾਂ, ਫ਼ਜ਼ਰ ਉਡੀਕਾਂ
ਆਖੇਂ ਤੇ ਸਾਰੀ ਉਮਰ ਉਡੀਕਾਂ
ਆਂਢ-ਗੁਆਂਢੀਂ ਦੀਵੇ ਬਲਦੇ
ਰੱਬਾ ਸਾਡਾ ਚਾਨਣ ਘੱਲ ਦੇ
ਜਗ ਵੱਸਦਾ ਏ ਮੈਂ ਵੀ ਵੱਸਾਂ
ਕਿਧਰੇ ਨਾ ਪੈਂਦੀਆਂ ਦੱਸਾਂ
ਕਿਧਰੇ ਨਾ ਪੈਂਦੀਆਂ ਦੱਸਾਂ
ਕਿਧਰੇ ਨਾ ਪੈਂਦੀਆਂ ਦੱਸਾਂ
ਵੇ ਪਰਦੇਸੀਆ ਤੇਰੀਆਂ...



## ਮੁਖ ਸ਼ਬਦ

ਆਦਿ-ਕਾਲ ਤੋਂ ਹੀ ਮਾਨੁੱਖ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਪਣੇ ਜਨਮ ਦੀ ਥਾਂ ਛੱਡ ਕੇ ਕਿਸੇ ਨਵੇਂ ਨਗਰ, ਪ੍ਰਾਂਤ ਜਾਂ ਦੂਰ ਦੇ ਦੇਸ਼ ਤੁਰ ਜਾਂਦਾ ਰਿਹਾ ਹੈ। ਅਸੀਂ ਪੰਜਾਬੀ ਕੁਝ ਵਧੇਰੇ ਹੀ ਘੁਮੱਕੜ ਹਾਂ। ਸਾਡਾ ਇਹ ਸੁਭਾਅ ਸ਼ਾਇਦ ਸਾਨੂੰ ਇਤਿਹਾਸ ਦੇ ਬਿਖੜੇ ਪੈਂਡਿਆਂ ਦੀ ਦੇਣ ਹੈ। ਸਾਡੇ ਪੁਰਖਿਆਂ ਨੂੰ ਬਾਰੰਬਾਰ ਭਾਰਤ ਉੱਤੇ ਚੜ੍ਹ ਆਏ ਮੱਧ-ਪੂਰਬੀ ਹਮਲਾਵਰਾਂ ਨਾਲ ਮੱਥਾ ਲਾਣਾ ਪਿਆ ਅਤੇ ਰਣ-ਖੇਤਰ ਦੇ ਤਸੀਹੇ ਝੱਲਣੇ ਪਏ। ਸਦੀਆਂ ਦੇ ਸੰਘਰਸ਼ ਨੇ ਸਾਡੀਆਂ ਪੀੜ੍ਹੀਆਂ ਨੂੰ ਮੁੜ ਮੁੜ ਉੱਜੜ ਕੇ ਵੱਸਣ ਅਤੇ ਆਪਣੇ ਜੀਵਨ ਨੂੰ ਸਿਫ਼ਰ ਤੋਂ ਆਰੰਭ ਕੇ ਜਿਊਣ ਦੀ ਜਾਚ ਸਿਖਾ ਦਿੱਤੀ।

ਕਦੇ ਅਸੀਂ ਤਨ ਦੀਆਂ ਲੋੜਾਂ ਲਈ ਘਰ ਛੱਡਿਆ, ਕਦੇ ਮਨ ਦੀਆਂ ਲੋੜਾਂ ਲਈ। ਕਸ਼ਮੀਰ ਤੋਂ ਕੰਨਿਆਂ ਕੁਮਾਰੀ ਤੱਕ ਜਾਂ ਅਫ਼ਗਾਨਿਸਤਾਨ ਤੋਂ ਆਸਾਮ ਤੱਕ ਕਿਧਰੇ ਚਲੇ ਜਾਓ ਹਰ ਥਾਂ ਕੋਈ ਨਾ ਕੋਈ ਪੰਜਾਬੀ ਟੱਕਰ ਜਾਏਗਾ।

ਪੰਜ ਸਦੀਆਂ ਪਹਿਲਾਂ ਜੀਵਨ ਦੇ ਰਹੱਸ ਦਾ ਚਿੰਤਨ ਕਰਨ ਲਈ ਇਕ ਮਹਾਨ ਪੰਜਾਬੀ ਕਵੀ ਚਿੰਤਕ, ਆਪਣੇ ਮਿੱਤਰਾਂ ਨੂੰ ਨਾਲ ਲੈ ਕੇ, ਘੁੰਮਦਾ, ਗਾਉਂਦਾ ਅਤੇ ਸਮੇਂ ਦੇ ਸਿਆਣਿਆਂ ਨਾਲ ਵਿਚਾਰ-ਵਟਾਂਦਰਾ ਕਰਦਾ। ਕਦੇ ਕਾਮਰੂਪ, ਕਦੇ ਲੰਕਾ, ਕਦੇ ਮੱਕੇ ਅੱਪੜ ਗਿਆ।

ਵੀਹਵੀਂ ਸਦੀ ਦੇ ਆਰੰਭਕ ਦਹਾਕੇ ਵਿੱਚ ਪੁਰਖੇ ਰੁਜ਼ਗਾਰ ਲਈ ਕੈਨੇਡਾ ਅਪੜ ਗਏ। ਹੁਣ ਤੱਕ ਪੰਜਾਬ ਅਪਣੇ ਲੋਕਾਂ ਨਾਲ ਅਨੇਕਾਂ ਦੇਸ਼ਾਂ ਵਿਚ ਪਹੁੰਚ ਕੇ ਅਪਣਾ ਘਰ ਬਣਾ ਚੁੱਕਾ ਹੈ।

ਲੋਕਾਂ ਨਾਲ ਉਨ੍ਹਾਂ ਦਾ ਸਭਿਆਚਾਰ ਅਤੇ ਸਾਹਿਤ ਵੀ ਸਫ਼ਰ ਕਰਦਾ ਹੈ। ਅਸੀਂ ਪਰਵਾਸੀ ਨਵੀਂ ਧਰਤੀ ਦੇ ਜੀਵਨ 'ਚੋਂ ਬੜਾ ਕੁੱਝ ਗ੍ਰਹਿਣ ਵੀ ਕਰਦੇ ਹਾਂ। ਨਵੇਂ ਅਨੁਭਵ ਸਾਡੇ ਅਜੋਕੇ ਸਾਹਿਤ ਦਾ ਅੰਗ ਬਣਦੇ ਹਨ। ਇਹ ਹੱਥਲਾ ਸੰਗ੍ਰਹਿ ਇਸ ਗੱਲ ਦਾ ਸਬੂਤ ਹੈ।

ਇਸ ਸੰਗ੍ਰਹਿ ਵਿੱਚ ਆਪ ਨੂੰ ਕਵਿਤਾ ਦੇ ਵਿਸ਼ਿਆਂ ਦੀ ਇੱਕ ਸਤਰੰਗੀ ਦੇ

ਦਰਸ਼ਨ ਹੋਣਗੇ; ਕਿਤੇ ਵਤਨ ਲਈ ਉਦਰੇਵਾਂ ਦਿਸੇਗਾ, ਕਿਤੇ ਮਾਨੁੱਖੀ ਰਿਸ਼ਤਿਆਂ ਦੀ ਜਟਿਲਤਾ ਅਤੇ ਕਿਧਰੇ ਅੱਸੀਵਿਆਂ ਦੇ ਆਰੰਭ ਤੋਂ ਪੰਜਾਬ ਵਿੱਚ ਤੁਰੀ ਆ ਰਹੀ ਨਾਮੁਰਾਦ ਹਿੰਸਾ ਦਾ ਪ੍ਰਤੀਕਰਮ। ਕਿਧਰੇ ਵਿਅਕਤੀਗਤ ਪੀੜ ਦਾ ਪ੍ਰਗਟਾਵਾ ਹੋਵੇਗਾ, ਕਿਤੇ ਲੋਕਾਂ ਦੇ ਸਮੂਹਕ ਸੰਤਾਪ ਦਾ ਬਿਆਨ। ਕਿਧਰੇ ਦ੍ਰਿਸ਼-ਵਰਨਣ ਅਤੇ ਹਾਸ-ਰਸ ਦੇ ਦਰਸ਼ਨ ਹੋਣਗੇ ਅਤੇ ਕਿਤੇ ਪਰਵਾਸੀ ਜੀਵਨ ਦੇ ਕੌੜੇ ਅਨੁਭਵ ਨਜ਼ਰੀਂ ਪੈਣਗੇ।

ਇਸ ਸੰਗ੍ਰਹਿ ਵਿਚ ਕੇਵਲ ਪੰਜਾਬੀ ਲੇਖਕ ਮੰਚ ਦੇ ਮੈਂਬਰਾਂ ਦੀਆਂ ਰਚਨਾਵਾਂ ਹੀ ਸ਼ਾਮਿਲ ਕੀਤੀਆਂ ਗਈਆਂ ਹਨ। ਇਸ ਸੰਸਥਾ ਦੀ ਇਹ ਤੀਜੀ ਪ੍ਰਕਾਸ਼ਨਾ ਹੈ। ਇਸਦੀ ਸੰਪਾਦਨਾ ਦੀ ਸੇਵਾ ਹੇਠ ਲਿਖੇ ਮੈਂਬਰਾਂ ਦੀ ਕਮੇਟੀ ਨੂੰ ਸੌਂਪੀ ਗਈ ਜਿਸਨੇ ਇਹ ਕਾਰਜ ਸਿਰੇ ਚਾੜ੍ਹਿਆ :

ਗੁਰਚਰਨ ਰਾਮਪੁਰੀ, ਸੁਰਜੀਤ ਕਲਸੀ, ਅਮਰਜੀਤ ਸੂਫ਼ੀ।

ਇਸ ਕਾਵਿ-ਸੰਗ੍ਰਹਿ ਵਿਚ ਕਈ ਪੀੜ੍ਹੀਆਂ ਦੇ ਅਨੁਭਵ ਸ਼ਾਮਿਲ ਹਨ। ਕੁਝ ਲੇਖਕ 1940-45 ਤੋਂ ਲਿਖ ਰਹੇ ਹਨ ਜਿਨ੍ਹਾਂ ਦੀਆਂ ਕਈ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਕਈ ਕਲਮਾਂ ਨਵੀਆਂ ਹਨ, ਉਨ੍ਹਾਂ ਦੇ ਅਨੁਭਵ ਅਤੇ ਸ਼ੈਲੀ ਵੀ ਵਿਲੱਖਣ ਹਨ। ਸੋ ਇਨ੍ਹਾਂ ਰਚਨਾਵਾਂ ਦੀ ਵੰਨ-ਸੁਵੰਨਤਾ ਵੱਖ ਵੱਖ ਪਾਠਕਾਂ ਦੀ ਸੰਤੁਸ਼ਟੀ ਦਾ ਕਾਰਨ ਬਣ ਸਕਦੀ ਹੈ।

ਇਨ੍ਹਾਂ ਸ਼ਬਦਾਂ ਨਾਲ ਇਹ ਢੋਆ ਆਪ ਦੀ ਸੇਵਾ ਵਿਚ ਅਰਪਣ ਹੈ।

ਵੈਨਕੂਵਰ
29.8.92

—**ਗੁਰਚਰਨ ਰਾਮਪੁਰੀ**





## ਆਦਿ ਕਰਮ ਸੁੰਦਰਤਾ ਸਿਰਜਣ

ਜਦ ਉਹ ਮਿਲੀ ਤਾਂ ਮੈਨੂੰ ਲੱਗਿਆ
ਮੈਂ ਉਸਨੂੰ ਹੀ ਭਾਲ ਰਿਹਾ ਸਾਂ
ਬੇਮਕਸਦ ਮੇਰੀ ਭਟਕਣ ਨੂੰ ਅਰਥ ਮਿਲ ਗਿਆ
ਮੰਜ਼ਿਲ ਆਈ।

ਦੇਖਕੇ ਮੈਨੂੰ ਡਰੀ ਅਚੰਭਤ ਹੋਈ ਫਿਰ ਮੁਸਕਾਈ
ਸੁੰਦਰਤਾ ਦੇ ਕੇਂਦਰ ਢਕਦੀ ਅਤਿ ਸ਼ਰਮਾਈ
ਮੇਰੀ ਅੱਖ ਸਾਕਾਰ ਰੂਪ ਤੇ ਟਿਕੀ ਮਸਤ ਅਲ਼ਸਾਈ
ਤਨ ਮਨ ਵਿਚ ਅਨੋਖੀ ਹਲਚਲ
ਸੁੱਧ ਰਹੀ ਨਾ ਕਾਈ
ਬੋਲਾਂ ਤੋਂ ਅਣਜਾਣ ਦੋਏ ਸਾਂ
ਬਾਤ ਫੇਰ ਵੀ ਪਾਈ
ਹੱਥ ਮਿਲੇ ਫਿਰ ਬੁੱਲ੍ਹ ਜੁੜੇ
ਫਿਰ ਹਿੱਕ ਨੇ ਹਿੱਕ ਗਰਮਾਈ
ਮੈਂ ਉਸ ਅੰਦਰ ਉਹ ਮੇਰੇ
ਕਣ ਕਣ ਦੇ ਵਿੱਚ ਸਮਾਈ।
ਪਰਮਾਨੰਦੀ ਅੰਬਰ ਉੱਤੇ ਬਿਜਲੀ ਚਮਕੀ
ਚਕਾਚੌਂਧ ਰੁਸ਼ਨਾਈ।

ਜੰਗਲ਼ ਦੇ ਵਿੱਚ ਮੰਗਲ਼ ਹੋਇਆ
ਉਸ ਦੇ ਨੇੜ 'ਚ ਸਮਾਂ ਬਹਿਸ਼ਤੀ
ਫੁੱਲਾਂ ਤੇ ਮੰਡਲੌਣ ਤਿਤਲੀਆਂ
ਪੰਛੀ ਕਰਨ ਕਲੋਲ
ਜੀਵਨ ਮਿਲਣੀ, ਜੀਵਨ ਖੇੜਾ

ਰੰਗ ਨਿੱਘ ਮੋਹ ਸਿਰਜਣਹਾਰੀ ਸੁੰਦਰਤਾ ਸੀ ਆਲ਼ ਦੁਆਲੇ
ਹਰ ਪਾਸੇ ਆਨੰਦ ਸੁਗੰਧ ਨੂਰੀ ਦੀ ਆਭਾ
ਮਾਸ ਗੁਲਾਬੀ ਕੂਲ਼ੀ ਤਿਲਕਣ
ਚਮਤਕਾਰ ਇਹ ਚਿਰਾਂ ਤੀਕ ਮੁੜ ਮੁੜ ਕੇ ਹੋਏ ।

ਫਿਰ ਆਏ ਪੰਡਤ ਪੈਗੰਬਰ ਰੱਬੀ ਤੇ ਮੌਲਾਣੇ
ਮੈਨੂੰ ਮੇਰਾ ਅੱਗਾ ਪਿੱਛਾ ਦੱਸਣ ਮੂਰਖ-ਲਾਣੇ
ਊਲ ਜਲੂਲ ਕਥਾਵਾਂ ਘੜਦੇ ਅਕਲੋਂ ਅੰਨ੍ਹੇ
ਬਿਨ ਪੁੱਛਿਆਂ ਹੀ ਮੈਨੂੰ ਆਖਣ :
'ਨਾਗ ਦੇਵ ਸ਼ੈਤਾਨੀ ਨੇ ਮੈਨੂੰ ਬਹਿਕਾਇਆ
ਵਿਸ਼-ਗੰਦਲ ਦੇ ਸੰਗ ਲਿਪਟਾਇਆ
ਪਰਮ-ਪਿਤਾ ਨੂੰ ਮੇਰਾ ਕੀਤਾ ਮੂਲ ਨਾ ਭਾਇਆ
ਤਾਹੀਓਂ ਬਾਗ਼ ਬਹਿਸ਼ਤੀ 'ਚੋਂ ਮੈਨੂੰ ਧਰਤੀ ਪਟਕਾਇਆ ।'

ਮੈਂ ਕਹਿੰਦਾ ਹਾਂ
ਰੂਪਵੰਤ ਦੀ ਸੰਭੋਗੀ ਮਿਲਣੀ ਦੀ ਖ਼ਾਤਰ
ਮੈਨੂੰ ਕਿਸੇ ਵਕ਼ਾਲਤ ਦੀ ਕੋਈ ਲੋੜ ਨਹੀਂ ਸੀ
ਮੇਰਾ ਕੋਈ ਸੂਰਗ ਨਾ ਖੋਇਆ
ਜੰਨਤ ਮੇਰੇ ਆਲ਼-ਦੁਆਲੇ
ਜੰਨਤ ਮੇਰੀ ਹਿੱਕ ਦੇ ਨਾਲੇ
ਸਿਰਜਣ ਦੇ ਸੁੰਦਰ ਆਨੰਦੀ ਆਦਿ-ਕਰਮ ਨੂੰ
ਪਾਪ ਕਹਿਣ ਦੀ ਮੂਰਖਤਾ ਕਿਉਂ ਕਰਦੇ ਹੋ ?

## ਅੱਜ ਵੀ ਮਾਨੁੱਖ ਮੋਇਆ

ਕੱਲ੍ਹ ਜੋ ਨਿਰਦੋਸ਼ ਮੋਏ
ਮੈਂ ਉਨ੍ਹਾਂ ਖ਼ਾਤਰ ਸੀ ਰੋਇਆ,
ਅੱਜ ਜੋ ਨਿਰਦੋਸ਼ ਮੋਏ,
ਮੈਂ ਉਨ੍ਹਾਂ ਖ਼ਾਤਰ ਵੀ ਰੋਇਆ
ਕੱਲ੍ਹ ਵੀ ਮਾਨੁੱਖ ਮੋਇਆ,
ਅੱਜ ਵੀ ਮਾਨੁੱਖ ਮੋਇਆ ।



ਕੁੱਝ ਮੌਤਾਂ ਦੀ ਖ਼ਬਰ ਤੇ,
ਕਈ ਚਿਹਰੇ ਹੱਸਦੇ ਸਨ,
ਕਈ ਚਿਹਰੇ ਹੱਸਦੇ ਹਨ ।

ਬੇਗੁਨਾਹ ਜਿਊੜੇ ਦੇ ਕਾਤਿਲ ਦੀ ਮਨੁੱਖਤਾ
ਮੂਰਛਤ ਹੁੰਦੀ ਹੈ ਪਹਿਲਾਂ
ਫੇਰ ਖ਼ੰਜਰ ਚਲਦੀ ਹੈ ।

ਮੈਂ ਮੋਏ ਮਾਨੁੱਖ ਲਈ ਵੀ ਰੋ ਰਿਹਾ ਹਾਂ
ਮੂਰਛਤ ਮਾਨੁੱਖਤਾ ਖ਼ਾਤਰ ਵੀ ਰੋਵਾਂ ।

## ਸਦਾ-ਬਹਾਰ ਸਮ੍ਰਿਤੀ

ਮੈਂ ਤੇਰੇ ਜੀਵਨ ਦੇ ਨਿਰਮਲ ਸ਼ਾਂਤ ਸਰੋਵਰ ਅੰਦਰ
ਇਕ ਫੁੱਲ ਸਦਾ-ਬਹਾਰ : ਸਮ੍ਰਿਤੀ ਸੁੱਟਾਂ ਕਿ ਨਾ ਸੁੱਟਾਂ ?

ਕੀ ਜਾਣਾਂ ਸਰੋਵਰ ਦੀ ਮਿੱਟੀ
ਸੁੱਤੇ ਕੰਵਲ ਫੇਰ ਅੱਖ ਪੁੱਟਣ
ਲੰਮੇਂ ਵਰ੍ਹਿਆਂ ਦੇ ਜਲ ਹੇਠਾਂ ਪਹੁੰਚ ਕੇ ਮਨ ਤੇਰਾ ਮੁੰਦ-ਨੈਣੀਂ
ਮੇਰੇ ਵਲ ਨੂੰ ਸੁਬਕ ਜਿਹਾ ਮੁਸਕਾਵੇ
ਉਸ ਮਿੱਤਰ ਦੀਆਂ ਬਾਤਾਂ ਖਾਤਰ ਝੋਲੀ ਅੱਡੇ ।

ਕੀ ਜਾਣਾਂ ਕਿ ਟਿਕੇ ਤਲਾਅ ਦੀ ਹਿੱਕੜੀ ਉਤੇ ਫੁੱਲ ਦਾ ਡਿਗਣਾ
ਕਿੱਡੀ ਲਹਿਰ ਜਗਾਵੇ !
ਡੂੰਘੀ ਆਥਣ ਨੂੰ ਫੁਲਵਾੜੀ ਵਿਚ ਝੱਖੜ ਝੁੱਲ ਜਾਵੇ ।

ਮੈਂ ਤਾਂ ਸਿਰਫ ਸਨੇਹੀ ਮਨ ਦਾ ਸਾਂਭੀ ਫਿਰਾਂ ਸੁਨੇਹਾ
ਦੋ ਮਿੱਤਰਾਂ ਵਿਚਕਾਰ ਖੜਾ ਹਾਂ ਕਈ ਤਣਾਅ ਤੇ ਖਿੱਚਾਂ ।
ਹੋ ਸਕਦੇ ਤੂੰ ਆਖੇਂ : ਜੀਵੇਂ ! ਦੱਸ ਮਿੱਤਰ ਦੇ ਬੋਲ
ਮੈਂ ਤਾਂ ਏਸ ਸੁਨੇਹੇ ਲਈ ਵਰ੍ਹਿਆਂ ਤੋਂ ਤਰਸਾਂ ।
ਜਾਂ ਆਖੇਂ : ਹੁਣ ਜੁਗੜੇ ਬੀਤੇ
ਕਿਉਂ ਸ਼ਾਮਾਂ ਨੂੰ ਹੁਣ ਸਰਘੀ ਦੀਆਂ ਬਾਤਾਂ ਪਾਵੇਂ
ਕਿਉਂ ਹੁਣ ਠੰਡੀ ਰਾਖ ਫਰੋਲੇਂ !

ਕਿਉਂ ਅੰਗੂਰੇ ਜ਼ਖ਼ਮ ਉਚੇੜੇਂ !
ਸ਼ਬਦਾਂ ਦੀ ਸੰਘੀ ਘੁੱਟਣ ਲਈ
ਕਿਸੇ ਜਤਨ ਦੀ ਲੋੜ ਨਾ ਪੈਂਦੀ
ਇਹ ਤਾਂ ਹੁਣ ਆਦਤ ਹੋ ਨਿਬੜੀ ।
ਮਿਲਣੀ ਦੇ ਸੁਪਨੇ ਦੀ ਲੋਚਾ
ਹੁਣ ਤਾਂ ਕੇਵਲ ਚੀਸ ਜਗਾ ਸਕਦੀ ਹੈ
ਉਸਨੂੰ ਦੱਸੀਂ : ਨੀਂਦ ਹੀ ਨੈਣੋਂ ਰੁੱਸੀ
ਪਰ ਸੁਪਨੇ ਮਰਦੇ ਤਾਂ ਨਹੀਂ ਹਨ ।

## ਅਣਛੋਹੇ ਜੰਗਲ ਵਿੱਚ ਘੁੰਮੀਏਂ

ਜੋ ਕੁਝ ਨਿੱਤ ਦੁਹਰਾਇਆ ਜਾਂਦਾ
ਆਦਤ ਦੀ ਬੇਹੋਸ਼ੀ ਹੈ ਉਹ ਜਾਂ ਬੇਹੋਸ਼ੀ ਦੀ ਆਦਤ ਹੈ ।

ਆਦਤ ਵਿੱਚ ਨਾ ਮਹਾਂ-ਗੀਤ
ਨਾ ਚਕਾਚੌਂਧ ਚਾਨਣ ਸੁੰਦਰਤਾ
ਨਾ ਹੀ ਸੁਰਗ ਆਨੰਦੀ
ਇਹ ਤਾਂ ਨੀਂਦਰ ਵਿੱਚ ਤੁਰਨਾ ਹੈ
ਇਹ ਸੁਪਨਾ ਤਾਂ ਬੇਅਰਥਾ ਹੈ ।

ਕਦੇ ਕਦੇ ਤਾਂ ਅਪਣੇ ਜਾਂ ਮਹਿਬੂਬ ਦੇ ਚੂੰਢੀ ਵੱਢੀਏ
ਕਦੇ ਕਦੇ ਤਾਂ ਅੱਖਾਂ ਖੋਲ੍ਹ ਕੇ ਤੁਰੀਏ
ਅਣਛੋਹੇ ਜੰਗਲ ਵਿੱਚ ਘੁੰਮੀਏਂ
ਅਣਮਾਣੇ ਕੁਆਰੇ ਫੁੱਲਾਂ ਦੀ ਮਹਿਕ ਅਚਾਨਕ
ਸ਼ਾਇਦ ਸਾਡੇ ਰਾਹੀਂ ਪਸਰੇ

ਚੋਰੀ ਦਾ ਚੁੰਮਣ ਗਲਵਕੜੀ ਸੁੱਚੇ ਨਾਅਰੇ ਦੀ ਕਿਲਕਾਰੀ
ਵੈਰੀ ਮਿੱਤਰ ਭੀੜ ਤੁਹਾਡੇ ਪਿੱਛੇ ਲਾ ਸਕਦੀ ਹੈ ।
ਡੰਡੀ ਦਾ ਕੈਦੀ ਹੋ ਕੋਈ ਨਵੇਂ ਰਾਹ ਨਾ ਸਿਰਜੇ
ਔਝੜ ਪੈ ਕੇ ਵੀ ਕੋਈ ਮੰਜ਼ਿਲ ਮਿਲਦੀ
ਚੌਖਟਿਆਂ ਦੀਆਂ ਸਿੱਧੀਆਂ ਲੀਕਾਂ ਵਿਚ ਕੋਈ ਰੂਪ ਨਹੀਂ ਹੈ ।



# ਦਰਸ਼ਨ ਗਿੱਲ

## ਗ਼ਜ਼ਲ

ਨਾ ਤੀਆਂ, ਨਾ ਸਾਂਝੀਆਂ, ਨਾ ਮੇਲੇ, ਨਾ ਸ਼ੋਰ ।
ਕਿਥੋਂ ਚੜ੍ਹ ਕੇ ਆ ਗਿਆ, ਮੌਸਮ ਬਦਲੇ ਖੋਰ ।

ਨਾ ਦੀਵਾਲੀ ਜਗਦੀ, ਦੀਵੇ ਮੁੱਕਿਆ ਤੇਲ,
ਨਾ ਹੀ ਬਲਣ ਮਤਾਬੀਆਂ, ਫੁੱਲ-ਝੜੀਆਂ ਮੂੰਹ-ਜ਼ੋਰ ।

ਵਹਿਸ਼ਤ ਨੰਗੀ ਨੱਚਦੀ, ਦਹਿਸ਼ਤ ਚਾਰ ਚੁਫੇਰ,
ਡਾਕੂ, ਚੋਰ, ਸਮਗਲਰਾਂ, ਲੁੱਟਿਆ ਸ਼ਹਿਰ ਭੰਬੋਰ ।

ਬੱਚੇ ਚੁੱਕਣ ਧਾੜਵੀ, ਮੰਦਰੀਂ ਕਰਨ ਖਰੂਦ,
ਮੰਗੀ ਰਕਮ ਵਸੂਲਦੇ, ਹਿੱਕ ਧੱਕੇ ਦੇ ਜ਼ੋਰ ।

ਵਿਦਿਆ-ਕੇਂਦਰ ਬਣ ਗਏ, ਅਤਿਵਾਦ ਦੀ ਠਾਹਰ,
ਆਲਮ ਫਾਜ਼ਲ ਹੋ ਗਏ, ਹੁਣ ਅਕਲਾਂ ਦੇ ਚੋਰ ।

ਆਗੂ ਕਰਨ ਦਲਾਲੀਆਂ, ਹਿੱਸੇ, ਪੱਤੀ ਵੰਡ,
ਛੱਤਰੀ ਨਿੱਤ ਨੇ ਬਦਲਦੇ, ਜਿਵੇਂ ਕਬੂਤਰ, ਮੋਰ ।

ਹੁਣ ਨਾ ਰਾਸਾਂ ਪੈਂਦੀਆਂ, ਅਲਗੋਜ਼ੇ ਵੀ ਚੁੱਪ,
ਸਾਰੰਗੀ ਤੇ ਪੋਟਿਆਂ, ਆਪਣੀ ਬਦਲੀ ਤੋਰ ।

ਝੱਖੜਾਂ ਤੋੜੇ ਰੁੱਖ ਨੇ, ਸਾਹ-ਸਤਹੀਣ ਮਨੁੱਖ,
ਬੈਠੇ ਸਹਿਮੇ ਛੱਡ ਕੇ, ਕਿਸਮਤ ਦੇ ਹੱਥ ਡੋਰ ।

## ਵਗਦੇ ਪਾਣੀ

ਜਦ ਵੀ ਅੰਦਰ ਹੁੰਮਸ ਹੋਵੇ, ਬਾਹਰ ਨੂੰ ਮਨ ਕਰਦਾ ਹੈ।
ਰਿਸਦੇ ਨਾਸੂਰਾਂ ਦੇ ਕਾਰਨ, ਮੁੜ ਮੁੜ ਕੇ ਦਿਲ ਭਰਦਾ ਹੈ।

ਜਦੋਂ ਖ਼ਫ਼ਾ ਹੋ ਜਾਵੇ ਸੂਰਜ, ਚੈਨ ਦਿਵਸ ਦਾ ਖੋ ਜਾਵੇ,
ਤ੍ਰਿਸ਼ੰਕੂ-ਵਤ ਲਟਕੇ ਬੰਦਾ, ਨਾ ਜਿਊਂਦਾ, ਨਾ ਮਰਦਾ ਹੈ।

ਪਾਗ਼ਲ ਬੁੱਲੇ ਜਦ ਵੀ ਕਿਧਰੇ, ਦਰਵਾਜ਼ੇ ਖੜਕਾਉਂਦੇ ਨੇ,
ਪਰਦੇਸਾਂ ਵਿਚ ਬੈਠੇ ਬੈਠੇ ਮਨ, ਤ੍ਰਹਿੰਦਾ, ਦਿਲ ਡਰਦਾ ਹੈ।

ਬਾਪੂ-ਰੁੱਖ, ਸੰਘਣੀਆਂ ਛਾਵਾਂ, ਪੁੱਤ ਪਰਦੇਸ, ਓਦਰੀਆਂ ਮਾਵਾਂ,
ਖੋ ਚੁਕੇ ਸਿਰਨਾਵੇਂ ਵਾਲਾ, ਖ਼ਤ ਵੀ ਹੌਕੇ ਭਰਦਾ ਹੈ।

ਇੱਕ ਧਰਤੀ ਦਾ ਦੇ ਕੇ ਨਾਅਰਾ ਤੂੰ ਤੁਰ ਚੱਲਿਆ ਲਾ ਕੇ ਲਾਰਾ,
ਜੰਮਣ-ਭੋਂਅ ਦੀਆਂ ਪੀੜਾਂ ਪੁੱਛਣ ਟੁੱਟ ਕੇ ਦੱਸ,ਕਿੰਵ ਸਰਦਾ ਹੈ?

ਵਗਦੇ ਪਾਣੀ ਕਦੇ ਨਾ ਖੜ੍ਹਦੇ, ਸਾਗਰ ਦੇ ਵਿਚ ਜਾ ਨੇ ਰਲਦੇ,
ਅੰਬਰ ਦਾ ਜਦ ਕੜ ਪਾਟਦਾ, ਬੱਦਲ ਵੀ ਤਾਂ ਜਰਦਾ ਹੈ।

## ਗ਼ਜ਼ਲ

ਪੁੱਠੀਆਂ ਜਦ ਤੋਂ ਵਗ ਪਈਆਂ ਨੇ, ਚੰਦਰੀਆਂ ਇਹ 'ਵਾਵਾਂ।
ਭੁੱਲ ਗਈਆਂ ਨੇ ਰਾਹੀਆਂ ਨੂੰ ਹੁਣ, ਸਿਧ-ਪੱਧਰੀਆਂ ਰਾਹਵਾਂ।

ਜਿਹੜੇ ਰੁੱਖ ਦੀ ਛਾਵੇਂ ਬਹਿ ਕੇ, ਮੌਜਾਂ, ਮੇਲੇ ਲੁੱਟੇ,
ਚਹੁੰ ਪਾਸੀਂ ਨੇ ਘੇਰੀ ਖੜ੍ਹੀਆਂ, ਓਸ ਨੂੰ ਹੁਣ ਬਲਾਵਾਂ।

ਨੇਜ਼ੇ, ਤਲਵਾਰਾਂ ਤੇ ਛੁਰੀਆਂ, ਮੇਰੇ ਰਾਹੀਂ ਉੱਗੇ,
ਆਪਣੇ ਘਰ ਨੂੰ ਆਪੇ ਹੁਣ ਮੈਂ, ਕਿਹੜੇ ਪੈਰੀਂ ਜਾਵਾਂ?

ਬੁੱਲ੍ਹਾ, ਵਾਰਸ, ਨਾਨਕ ਵਰਗੇ, ਹੁਣ ਸ਼ਾਇਰ ਨੇ ਪੁੱਛਦੇ,
ਕਾਹਦੀ ਖ਼ਾਤਰ ਬਖਸ਼ ਰਹੇ ਹੋ, ਸਾਨੂੰ ਇਹ ਸਜ਼ਾਵਾਂ।

ਪਰਦੇਸਾਂ ਵਿਚ ਬੈਠੇ ਬੈਠੇ, ਮੋਹ, ਮਮਤਾ, ਨਾ ਛੱਡਦੀ
ਸਾਨੂੰ ਤਾਂ ਹੁਣ ਚੰਗੀਆਂ ਲੱਗਣ, ਨਾ ਧੁੱਪਾਂ, ਨਾ ਛਾਵਾਂ।



## ਗ਼ਜ਼ਲ

ਪੰਛੀ, ਬੰਦ ਪਿੰਜਰੇ ਦੇ ਕੀ ਉਡਾਣਾਂ ਭਰਨਗੇ?
ਲਹੂ ਦੇ ਹੰਝੂ ਰੋਣਗੇ, ਖ਼ੁਦ ਨੂੰ ਹੀ ਜ਼ਖ਼ਮੀ ਕਰਨਗੇ।

ਜਿਹੜੀ ਧਰਤ ਨਾ ਦੇ ਸਕੇ ਰੁਜ਼ਗਾਰ ਆਪਣੇ ਬਸ਼ਰ ਨੂੰ
ਪਰਦੇਸਾਂ ਵਿਚ ਰੁਲਣਗੇ, ਹਿੱਕਾਂ 'ਤੇ ਛਾਲੇ ਜਰਨਗੇ।

ਸਾਡੀ ਮੌਤੋਂ ਬਾਅਦ ਵੀ ਇਹ ਮਰਜੀਆ ਕੀ ਪੜ੍ਹਨਗੇ
ਕਾਗਜ਼ ਦੀਆਂ ਕਿਸ਼ਤੀਆਂ ਵਾਲੇ ਮਲਾਹ ਕੀ ਤਰਨਗੇ?

ਸੋਨੇ ਦੀਆਂ ਇੱਟਾਂ ਦੇ ਮਹਿਲਾਂ ਨੂੰ ਉਸਾਰਨ ਵਾਲਿਓ
ਵਾਰਸ ਤੁਹਾਡੇ ਇਨ੍ਹਾਂ ਲਈ ਆਪੋ 'ਚ ਖਹਿ ਕੇ ਮਰਨਗੇ।

ਜਿਨ੍ਹਾਂ ਨੂੰ ਆਪਣੀ ਧਰਤ ਦਾ ਪਾਣੀ ਵੀ ਨਾ ਹੋਇਆ ਨਸੀਬ
ਕਬਰਾਂ 'ਚ ਬੈਠੇ ਰੋਣਗੇ ਇਲਜ਼ਾਮ ਕਿਸ 'ਤੇ ਧਰਨਗੇ?

## ਗੀਤ

ਤੇਰੇ ਤੁਰ ਜਾਣ 'ਤੇ ਹਵਾਵਾਂ ਰੁਕੀਆਂ।
ਨੈਣਾਂ ਦੀਆਂ ਨਦੀਆਂ ਕਦੇ ਨਾ ਸੁਕੀਆਂ।

ਤੇਰੇ ਨਾਲ ਦਿਸਦੀ ਸੀ, ਤਾਰਿਆਂ ਦੀ ਲੋਅ
ਤੂੰ ਗਈ ਕਾਹਦੀ ਸਾਥੋਂ ਰੁੱਸੀ ਖੁਸ਼ਬੋ
ਚੰਨ ਵਿਚੋਂ ਜਿਵੇਂ ਨੇ ਸੁਆਵਾਂ ਮੁੱਕੀਆਂ
ਤੇਰੇ ਤੁਰ ਜਾਣ ਤੇ...

ਸੇਕ ਵਿਚ ਭੁਜਦੇ ਤੂੰ, ਫੁੱਲ ਤੱਕ ਲੈ
ਸੁਕੇ ਹੋਏ ਜਿੰਦ ਦੇ ਤੂੰ, ਬੁਲ੍ਹ ਤੱਕ ਲੈ
ਸੱਧਰਾਂ ਕਦੋਂ ਦੀਆਂ ਨੇ ਮੁੱਕ ਚੁੱਕੀਆਂ
ਤੇਰੇ ਤੁਰ ਜਾਣ ਤੇ...

ਕੋਲ ਆ ਕੇ ਬੈਠੇ ਜਦੋਂ ਚਾਨਣੀ ਉਦਾਸ
ਅਸੀਂ ਕਿਵੇਂ ਨੀ ਬੁਝਾਈਏ ਓਹਦੀ ਸੱਜਰੀ ਪਿਆਸ
ਸਾਡੇ ਨੈਣਾਂ ਦੀਆਂ ਪਲਕਾਂ ਵੀ ਰਹਿਣ ਝੁੱਕੀਆਂ
ਤੇਰੇ ਤੁਰ ਜਾਣ ਤੇ...

## ਸਿਉ ਤੇ ਦੰਦੀ

ਸੂਹੇ ਸਿਉ ਤੇ ਦੰਦੀ ਵੱਢਾਂ
ਸੁਆਦ ਕੁਸੈਲਾ ਆਵੇ
ਅੰਬੜੀਏ ਨੀਂ ਏਸ ਨਗਰ ਵਿਚ
ਸੰਤਰਿਆਂ ਤੇ ਮੋਹਰਾਂ ਲਗੀਆਂ, ਹਾਸਾ ਆਵੇ ।

ਏਸ ਨਗਰ ਦੇ ਚੱਜ ਅਵੱਲੇ
ਗਲੀ ਗਲੀ ਵਿਚ ਰੁੱਖ ਖੜੋਤੇ
ਥੱਕੀਆਂ ਭੇਡਾਂ ਵਾਂਗਰ
ਨ ਤੋਤਾ ਕੋਈ ਅੱਖ ਮਟਕਾਵੇ
ਨ ਕਾਟੋ ਚਕਚੋਲ੍ਹੜ ਪਾਵੇ ।

ਅੰਬੜੀਏ ਨੀਂ ਮੈਂ ਵੀ ਹੁਣ ਤਾਂ
ਰੋਜ਼ ਦਿਹਾੜੀ ਘਾਹ ਕੱਟਣ ਦੀ ਆਦੀ ਹੋਈ
ਘਾਹ ਨੂੰ ਰੋਜ਼ ਦਿਹਾੜੀ ਕਿਸ ਲਈ ਕੱਟਾਂ
ਕੱਟ ਕੇ ਕੂੜੇ ਅੰਦਰ ਸੁੱਟਾਂ, ਖ਼ੁਸ਼ ਜਿਹੀ ਹੋਵਾਂ
ਸਮਝ ਨਾ ਆਵੇ ।
ਏਸ ਨਗਰ ਵਿਚ ਨ ਮੱਸਿਆ ਨ ਪੁੰਨਿਆ ।
ਤਾਕੀ ਖੋਲ੍ਹਾਂ
ਲੱਖ ਹਜ਼ਾਰਾਂ ਲਾਟੂ ਝਿਲਮਿਲ ਝਿਲਮਿਲ
ਕੂਲਾ ਚਾਨਣ ਲੈ ਕੇ
ਚੰਨ ਪੂਰੇ ਦਾ ਪੂਰਾ ਖ਼ਬਰੇ ਕਿਸ ਪਾਸੇ ਤੁਰ ਜਾਵੇ ।

ਏਸ ਮੁਲਕ ਦਾ ਪਹਿਲਾ ਲੱਛਣ



ਕਾਹਲੀ ਕਾਹਲੀ ਲੂਛ ਲੂਛ ਕਰਨਾ
ਗੋਲੀ ਲੈ ਕੇ ਸੌਣਾ, ਕਾਹਲੀ ਕਾਹਲੀ ਸੁਪਨਾ ਲੈਣਾ
ਉਠਣਾ ਤੇ ਤੁਰ ਜਾਣਾ ।

ਸੜਕਾਂ ਉਤੇ ਕਾਰ ਭਜਾਉਂਦੇ ਇਸ਼ਕ ਰਚਾਉਣਾ
ਭੁੱਖ ਲੱਗੇ ਤਾਂ ਸੜਕ ਕਿਨਾਰੇ ਕਾਰ ਖੜੀ ਕਰ
ਵਿਚੇ ਬੈਠੇ ਖਾਣਾ ਆਡਰ ਕਰਨਾ
ਮਿੰਟ ਸਕਿੰਟੀਂ ਖਾਣਾ ਤੇ ਤੁਰ ਜਾਣਾ ।

ਵੱਡੇ ਮੁਰਗੀਖਾਨੇ ਅੰਦਰ
ਚਿਟੀ ਕੁਕੜੀ ਦਿਨੇ ਰਾਤ ਜਾਲੀ ਵਿਚ ਬੈਠੀ
ਇਕੋ ਥਾਵੇਂ ਧੌਣ ਉਤਾਂਹ ਨੂੰ ਕੀਤੀ
ਨਾਲੀ ਵਿਚੋਂ ਆਉਂਦੇ ਦਾਣੇ ਕਾਹਲੀ ਕਾਹਲੀ ਅੰਦਰ ਕਰਦੀ
ਕਾਹਲੀ ਕਾਹਲੀ ਆਂਡੇ ਦਿੰਦੀ
ਕਦੇ ਨ ਕੁੜ ਕੁੜ ਕਰਦੀ
ਬਹੁਤ ਵਿਚਾਰੀ
ਸਾਡੇ ਵਰਗੀ ।

ਕਦੇ ਕਦੇ ਬੱਸ ਲੰਮੇ ਵਹਿਣੀ ਵਹਿ ਜਾਂ ।
ਪਿੰਡ ਤੋਂ ਬਾਹਰ ਹੌਲੀ ਹੌਲੀ ਵਗਦੀ ਕੱਸੀ
ਚੇਤਨ ਵਿਚ ਉਜਾਗਰ ਹੋਵੇ
ਪੁਲ ਤੇ ਬਹਿ ਜਾਂ ।
ਏਥੇ ਸਭ ਕੁਝ ਛੋਹਲਾ ਛੋਹਲਾ
ਮੇਰੀਆਂ ਸੋਚਾਂ ਇਨ ਬਿਨ ਓਹੀ
ਭਰੀ ਨਦੀ ਦੀ ਚਾਲੇ ।
ਆਪਾਂ ਸਰਲ ਸਰਲ ਜਿਹੇ ਲੋਕੀਂ
ਸਹਿਜੇ ਸਹਿਜੇ ਤੁਰਨਾ ਸਿਖਿਆ
ਸਹਿਜੇ ਸਹਿਜੇ ਦਿਨ ਤੁਰਦਾ ਸੀ
ਸੁਪਨੇ ਚੰਨ ਚਾਨਣੀ ਵਾਂਗ ਉਜਾਗਰ ਹੁੰਦੇ ।

ਕਿਸ ਪੁਸਤਕ ਵਿਚ ਲਿਖਿਆ
ਕਾਹਲੀ ਕਾਹਲੀ ਦਿਲ ਦੀ ਧੜਕਣ
ਸਹਿਜੇ ਸਹਿਜੇ ਵਗਦੇ ਪ੍ਰਾਣਾਂ ਨਾਲੋਂ ਚੰਗੀ

ਕਿਸ ਅਫ਼ਲਾਤੂ ਦੱਸਿਆ
ਲਿਸ਼ਕੋਰਾਂ ਦੀ ਅਗਨ ਰੋਸ਼ਨੀ
ਸੀਤਲ ਪੂੰਨਿਆਂ ਕੋਲੋਂ ਚੰਗੀ ।

ਜੇ ਆਂਥੋ ਮੈਂ
ਸਿੱਧੀ ਸਾਦੀ ਪਿੰਡ ਦੀਆਂ ਅਲਸਾਈਆਂ ਪੌਣਾਂ ਵਿਚ
ਸਾਗ ਤੋੜਦੀ, ਤੀਆਂ ਨੱਚਦੀ, ਸ਼ਗਨ ਮਨਾਉਂਦੀ
ਪੰਜ ਗੁੱਥੀ ਪੜ੍ਹਦੀ ਜੂਨ ਹੰਡਾਉਂਦੀ
ਫਿਰ ਕੀ ਘਾਟਾ ਖਾਂਦੀ ?

ਝਟਪਟ ਤੁਰਤ ਤੁਰੰਤ ਦਾ ਜਿਊਣਾ ਰਾਸ ਨ ਆਵੇ
ਕੱਚੇ ਦੁੱਧ ਦੀ ਗੜਵੀ ਅੰਦਰ
ਨੇਂਬੂ ਦਾ ਛਿੱਟਾ ਪੈ ਜਾਵੇ
ਟਹਿਣੀ ਲੱਗੇ ਫਲਾਂ ਤੇ ਕੋਈ ਛਿੜਕ ਦਵਾਈ ਜਾਵੇ
ਸੂਹੇ ਸਿਉ ਤੇ ਚੰਦੀ ਵੱਢਾਂ
ਸੁਆਦ ਕੁਸੈਲਾ ਆਵੇ ।

## ਆਦਿਵਾਸੀ

ਆਦਿਵਾਸੀ ਪ੍ਰੇਸ਼ਾਨ ਹੋਇਆ
ਗੁਫਾ ਵਿਚ ਆਇਆ ;
ਮਾਂ ਮੈਂ ਤਿਤਲੀ ਦੇ ਖੰਭਾਂ ਦਾ ਸੰਗੀਤ ਸੁਣਾਂ
ਜਾਂ ਖੰਭਾਂ ਦੇ ਰੰਗ ਵੇਖ ਹੈਰਾਨ ਹੋਵਾਂ ?
ਸੰਗੀਤ ਸੁਣਦਾ ਹਾਂ
ਤਾਂ ਅੱਖਾਂ ਬੰਦ ਜੋ ਜਾਂਦੀਆਂ ਹਨ
ਰੰਗ ਗਿਣਦਾ ਹਾਂ
ਤਾਂ ਸੰਗੀਤ ਅਲੋਪ ਹੋ ਜਾਂਦਾ ਹੈ ।
ਸੰਗੀਤ ਛੱਡ ਸਕਦਾ ਹਾਂ
ਨ ਰੰਗ ਗਿਣੇ ਬਿਨਾਂ ਰਹਿ ਸਕਦਾ ਹਾਂ ।

ਆਦਿਵਾਸੀ ਨੇ ਫੇਰ ਕਿਹਾ :
ਮਾਂ, ਮੈਂ ਨੀਲੇ ਅੰਬਰ ਵਿਚ ਤਰਦੇ ਚੰਦਰਮਾ ਨੂੰ ਵੇਖਾਂ



ਜਾਂ ਚੰਦਰਮਾ ਤੇ ਲਹਿੰਦੇ
ਆਪਣੇ ਸਪੂਤਨਿਕ ਨੂੰ ਵੇਖਾਂ
ਦੂਰ ਅੰਬਰਾਂ 'ਚ ਚੰਦਰਮਾ ਤਕਦਾ ਹਾਂ
ਤਾਂ ਉਸ ਤੇ ਲਹਿੰਦਾ ਸਪੂਤਨਿਕ ਨਹੀਂ ਦਿਸਦਾ
ਸਪੂਤਨਿਕ ਤੇ ਬੈਠਦਾ ਹਾਂ
ਤਾਂ ਚੰਦਰਮਾ ਪੱਥਰ ਪੱਥਰ ਦਿਸਦਾ ਹੈ ।
ਨ ਪੂੰਨਿਆਂ ਛਡ ਸਕਦਾਂ ਹਾਂ
ਨ ਚੰਦਰਮਾ ਨੂੰ ਛੋਹੇ ਬਿਨ ਰਹਿ ਸਕਦਾ ਹਾਂ ।

## ਤੀਸਰੀ ਅੱਖ

ਇਕ ਅੱਖ ਤੇਰੀ ਅੱਥਰੂ ਅੱਥਰੂ ਚੁੱਪ ਚੁਪੀਤੀ ਰੋਵੇ
ਇਕ ਅੱਖ ਤੇਰੀ ਚੀਸਾਂ ਚੀਸਾਂ ਹੱਸ ਕੇ ਦਰਦ ਲਕੋਵੇ
ਦੋ ਅੱਖੀਆਂ ਜੇ ਭਰ ਭਰ ਥੱਕੀਆਂ ਹੋਰ ਨ ਮੋਤੀ ਡੋਲ੍ਹ
ਮਸਤਕ ਅੰਦਰ ਸੁਪਨੇ ਲੈਂਦੀ ਅੱਖ ਤੀਸਰੀ ਖੋਲ੍ਹ ।

ਇਕ ਅੱਖ ਤੇਰੀ ਝੁਕਦੀ ਝੁਕਦੀ ਪੈਰਾਂ ਥਲੇ ਵਿਛ ਗਈ
ਇਕ ਅੱਖ ਤੇਰੀ ਰਾਹਾਂ ਤਕਦੀ ਸੈਲ ਪੱਥਰ ਹੋ ਟਿਕ ਗਈ
ਤੇਰੇ ਲਈ ਬਸ ਧੂੜ ਚਰਨ ਦੀ ਰਾਮ ਚੰਦਰ ਦੇ ਕੋਲ
ਪਲਕਾਂ ਉਤੋਂ ਧੂੜਾਂ ਛੰਡ ਦੇ, ਅੱਖ ਤੀਸਰੀ ਖੋਲ੍ਹ ।

ਇਕ ਅੱਖ ਤੇਰੀ ਨੈਣ ਮਿਰਗ ਦਾ ਬਾਲਕ ਵਾਂਙੂ ਝਾਕੇ
ਇਕ ਅੱਖ ਤੇਰੀ ਫੁੱਲ ਕਮਲ ਦਾ ਮਸਤੀ ਵਿਚ ਕੋਈ ਆਖੇ
ਮੱਤ ਸਮਝੀਂ ਇਹ ਮਿਸ਼ਰੀ ਮਿਸ਼ਰੀ ਚਾਨਣ ਦੇ ਨੇ ਬੋਲ
ਆਪੇ ਆਪਣਾ ਦੀਪ ਜਗਾ ਲੈ, ਅੱਖ ਤੀਸਰੀ ਖੋਲ੍ਹ ।

ਇਕ ਅੱਖ ਤੇਰੀ ਕਵਿਤਾ ਕਵਿਤਾ ਨ ਕੋਈ ਪੜ੍ਹੇ ਨ ਗਾਵੇ
ਇਕ ਅੱਖ ਤੇਰੀ ਪੰਜ ਗੁੱਥੀ ਅਣਖੋਲ੍ਹੀ ਰਹਿ ਜਾਵੇ
ਰਿਸ਼ਮਾਂ ਤੇਰਾ ਦਰ ਖੜਕਾਵਣ, ਜੀ ਆਇਆਂ ਨੂੰ ਬੋਲ
ਯੁਗਾਂ ਯੁਗਾਂ ਤੋਂ ਸੋਚੀਂ ਡੁਬੀ, ਅੱਖ ਤੀਸਰੀ ਖੋਲ੍ਹ ।

## ਇਤਿਹਾਸ ਦੀ ਰਚਨਾ

ਇਸ ਬੁੱਢੇ ਦੇ ਮੂੰਹ ਤੇ ਮੁਸਕਾਨ
ਉਦਾਸ ਹੋ ਰਹੇ
ਸੂਰਜਮੁਖੀ ਵਾਂਗ ਆਉਂਦੀ ਹੈ
ਕੋਈ ਤਕਦਾ ਹੀ ਨਹੀਂ।
ਇਸ ਬੁੱਢੇ ਬਦਨ ਦੁਆਲੇ
ਮਹਿਕ ਦਾ ਘੇਰਾ
ਸਹਿਜੇ ਸਹਿਜੇ ਫੈਲਦਾ ਹੈ
ਕੋਈ ਰੁਕਦਾ ਹੀ ਨਹੀਂ।
ਕੰਬਦੇ ਬੁਲ੍ਹਾਂ ਦੀਆਂ ਕਮਲੀਆਂ ਰਮਲੀਆਂ 'ਚ
ਸਿਧਾਰਥ ਲਈ ਉਤਰ
ਭਰੇ ਪਏ ਹਨ
ਕੋਈ ਪੁਛਦਾ ਹੀ ਨਹੀਂ।

ਮੈਂ ਚੀਕ ਚੀਕ ਕੇ ਕਹਿੰਦਾ ਹਾਂ
ਇਕੱਲ ਨਾਲ ਹੱਥ 'ਚ ਹੱਥ ਪਾਈ
ਹੌਲੀ ਹੌਲੀ ਸੜਕ ਤੇ ਜਾ ਰਹੀ
ਇਸ ਵਿਸ਼ਾਲ ਸੰਰਚਨਾ ਨੂੰ ਰੋਕੋ
ਇਹ ਕਿਸੇ ਪਲ ਵੀ
ਧੂੜ ਦੇ ਜ਼ਰਿਆਂ ਸੰਗ ਖਹਿ ਕੇ
ਬਿਖਰ ਸਕਦੀ ਹੈ
ਇਹ ਬੁੱਢਾ ਮਿਥਿਹਾਸ ਨਹੀਂ
ਇਤਿਹਾਸ ਦੀ ਰਚਨਾ ਹੈ
ਇਕ ਬੋਲ ਕਢੋ
ਸੈਂਕੜੇ ਪੁਸਤਕਾਂ ਤੁਹਾਡੇ ਸਾਹਮਣੇ
ਆਪ-ਮੁਹਾਰੇ ਖੁਲ੍ਹ ਜਾਣਗੀਆਂ
ਕੋਈ ਸੁਣਦਾ ਹੀ ਨਹੀਂ।





## ਬਲੈਕ ਪੈਂਥਰ

ਅਸੀਂ ਐਲਾਬਾਮ੍ਹਾ ਤੋਂ ਭੱਜੇ ਗ਼ੁਲਾਮ
ਆਜ਼ਾਦ ਹੋਣ ਦੀ ਆਸ ਵਿਚ
ਮੌਤ ਨਾਲ ਵੀ ਮੱਥਾ ਲਾਉਣੋਂ ਨਹੀਂ ਡਰੇ

ਪਰ ਸਾਨੂੰ ਉਡੀਕਦੇ ਸੀ
ਡਿਟਰੋਇਟ ਤੇ ਕਲੀਵਲੈਂਡ ਦੇ ਕਾਰਖ਼ਾਨੇ
ਹਰ ਸ਼ਹਿਰ 'ਚ ਸਾਡੇ ਲਈ ਰਾਖਵੇਂ
ਗੰਦੇ ਤੇ ਪਛੜੇ ਮਹੱਲੇ
ਆਜ਼ਾਦੀ ਮ੍ਰਿਗ-ਤ੍ਰਿਸ਼ਨਾ ਤੋਂ ਵੱਧ ਕੇ
ਅਸਲੀਅਤ ਨਾ ਬਣ ਸਕੀ
ਤੇ ਆਜ਼ਾਦ-ਗੁਲਾਮਾਂ ਦੇ ਭੱਜਣ ਨੂੰ
ਕੋਈ ਰਾਹ, ਥਾਂ ਨਾ ਬਚਿਆ

ਲਾਸ ਏਂਜਲਸ, ਮਿਆਮੀ, ਸ਼ਿਕਾਗੋ
ਤੇ ਨੀਊਯਾਰਕ ਦੇ ਗੰਦੇ ਮਹੱਲਿਆਂ 'ਚ
ਅਸੀਂ ਇਕ ਦੂਜੇ ਨੂੰ ਹੀ ਲੁੱਟ ਕੇ ਖਾਣ ਲੱਗੇ
ਨਿੱਤ ਚੋਰੀਆਂ ਡਕੈਤੀਆਂ ਨਿੱਤ ਖ਼ੂਨ ਖ਼ਰਾਬੇ
ਅਸੀਂ ਇਕ ਦੂਜੇ ਦਾ ਹੀ ਖ਼ੂਨ ਬਹਾਉਣ ਲੱਗੇ

ਤੁਸੀਂ ਅੰਦਰੋਂ ਮੁਸਕੜੀਆਂ ਹੱਸਦਿਆਂ
ਆਪਣੇ ਆਪ ਨੂੰ ਸਹੀ ਗਰਦਾਨਿਆਂ
ਚਿਹਰੇ 'ਤੇ ਸੰਜੀਦਗੀ ਲਿਆ ਬੋਲੇ :
'ਇਹ ਲੋਕ

ਇਨ੍ਹਾਂ ਹਾਲਤਾਂ ਦੇ ਖ਼ੁਦ ਜ਼ਿੰਮੇਂਵਾਰ ਨੇ
ਇਹ ਕੁਛ ਵੀ ਸੋਚਣ ਸਮਝਣ ਤੋਂ ਕੋਰੇ
ਅਤੇ ਗ਼ੈਰ ਜ਼ਿੰਮੇਂਵਾਰ ਨੇ,

ਫਿਰ ਜਦ ਅਸੀਂ ਜ਼ਿੰਮੇਵਾਰੀ ਨਾਲ
ਜੀਣ ਦਾ ਮਨ ਬਣਾਇਆ
ਹਾਲਾਤ ਦਾ ਜਾਇਜ਼ਾ ਲਿਆ
ਜੀਵਨ ਨੂੰ ਸੋਹਣਾ ਸਿਰਜਣਾ ਚਾਹਿਆ
ਤੁਹਾਡੇ ਵਲੋਂ ਬਖ਼ਸ਼ੇ ਚੁਰਾਹਿਆਂ 'ਚ ਫਾਹੇ
ਤਸੀਹੇ, ਜੇਲਾਂ ਦੀ ਗਿਣਤੀ ਕੀਤੀ
ਬਰਾਬਰ ਦੇ ਹੱਕਾਂ ਲਈ ਗਾਂਧੀਵਾਦੀ ਲਹਿਰਾਂ ਹੇਠ
ਕੱਢੇ ਲੱਖਾਂ ਜਲੂਸਾਂ ਦਾ ਹਿਸਾਬ ਕੀਤਾ
ਪ੍ਰਾਪਤੀ ਦੇ ਨਾਂ 'ਤੇ
ਸਾਡੇ ਹੱਥ ਕੁਛ ਵੀ ਨਾ ਆਇਆ

ਪਰ ਨਿਰਾਸ਼ਾ ਦੀ ਖੱਡ 'ਚ ਡਿੱਗਣ ਦੀ ਥਾਂ
ਖ਼ੁਦਕਸ਼ੀ ਕਰਨ ਦੀ ਥਾਂ
ਜਦੋਂ ਅਸੀਂ
ਮਾਲਕਮ ਐਕਸ ਤੇ ਫਰਾਂਜ਼ ਫੈਨਨ
ਦੀਆਂ ਗੱਲਾਂ ਵੱਲ
ਲੋਕਾਂ ਦਾ ਧਿਆਨ ਦੁਆਇਆ
ਮਾਓ-ਜ਼ੇ-ਤੁੰਗ ਤੇ ਚੇ ਗੁਵੇਰਾ ਦਾ ਰਾਹ ਘੋਖਿਆ
ਖ਼ੁਦਕਸ਼ੀ ਲਈ
ਆਪਣੇ ਵੱਲ ਸਿੰਨੀ ਬੰਦੂਕ ਦਾ ਮੂੰਹ ਘੁਮਾਇਆ
ਤਾਂ ਤੁਸੀਂ ਸਾਡੇ ਤੇ
ਦਹਿਸ਼ਤਵਾਦੀ ਹੋਣ ਦਾ ਇਲਜ਼ਾਮ ਲਾਇਆ

ਹਾਂ ਠੀਕ ਹੈ
ਗੋਲੀਆਂ ਚੱਲੀਆਂ ਅੱਗਾਂ ਲਗੀਆਂ
ਪਰ ਇਹ ਕੁਝ ਤਾਂ ਨਿੱਤ ਹੀ ਹੁੰਦਾ ਹੈ
ਪਹਿਲਾਂ ਵੀ ਹੁੰਦਾ ਸੀ ਹੁਣ ਵੀ ਹੁੰਦਾ ਹੈ
ਅਸੀਂ ਤਾਂ ਸਿਰਫ ਚਾਹਿਆ ਸੀ



ਇਹ ਸਭ ਕੁਝ ਖਤਮ ਹੋ ਜਾਵੇ
ਜੀਵਨ ਸਾਡੇ ਹੀ ਰਹਿਣ ਯੋਗ ਹੋ ਜਾਵੇ

ਪਰ ਸਾਫ਼ ਹੈ ਕਿ ਤੁਸੀਂ ਕੁਝ ਹੋਰ ਚਾਹੁੰਦੇ ਹੋ

ਪਰ ਇਹ ਵੀ ਸਾਫ਼ ਹੈ
ਜੋ ਤੁਸੀਂ ਚਾਹੁੰਦੇ ਹੋ
ਉਹ ਹੁਣ ਸਦਾ ਹੋ ਨਹੀਂ ਸਕਣਾ
ਹੁਣ ਕੁਛ ਅਸੀਂ ਵੀ ਚਾਹੁੰਦੇ ਹਾਂ
ਅਸੀਂ ਐਲਾਬਾਮ੍ਹਾ ਤੋਂ ਭੱਜੇ ਗੁਲਾਮ
ਹੁਣ ਹੋਰ ਭੱਜਣ ਤੋਂ ਇਨਕਾਰੀ ਹਾਂ।

## ਕਥਾ

ਵਿਰੋਧੀ ਬਾਤ ਵੀ ਸਾਥੋਂ ਹੀ ਕਹਾਈ ਗਈ
ਭਰੀ ਸਭਾ 'ਚ ਬਾਤ
ਕੁਛ ਇਸ ਤਰ੍ਹਾਂ ਚਲਾਈ ਗਈ

ਮੌਤ ਪੀ ਗਈ ਮਹਿਫ਼ਲ ਦੇ ਹਾਸਿਆਂ ਨੂੰ
ਆਉਣ ਵਾਲੇ ਦੀ ਪਛਾਣ
ਕੁਛ ਇਸ ਤਰ੍ਹਾਂ ਕਰਾਈ ਗਈ

ਪਲਾਂ 'ਚ ਵੱਧ ਗਏ ਬੌਨਿਆਂ ਦੇ ਪਰਛਾਵੇਂ
ਉਹਨਾਂ 'ਤੇ ਪੈਂਦੀ ਰੌਸ਼ਨੀ
ਕੁਛ ਇਸ ਤਰ੍ਹਾਂ ਘੁਮਾਈ ਗਈ

ਭਰ ਗਏ ਕੁਝ ਘਰ ਬੇਗਾਨੀ ਲੋਅ ਦੇ ਨਾਲ
ਦੂਜੇ ਘਰਾਂ ਨੂੰ ਅੱਗ
ਕੁਛ ਇਸ ਤਰ੍ਹਾਂ ਲਗਾਈ ਗਈ

ਬੁਝ ਗਏ ਕਿੰਨੇ ਚਿਰਾਗ ਹਨੇਰਿਆਂ ਨੂੰ ਚੀਰਦੇ
ਸਾਜ਼ਸ਼ੀ ਹਵਾ
ਕੁਛ ਇਸ ਤਰ੍ਹਾਂ ਵਗਾਈ ਗਈ

ਸੁਣਦਿਆਂ ਹੀ ਬਣ ਗਏ ਬੰਦੇ ਹੈਵਾਨ
ਸੰਤਾਂ ਦੀ ਕਥਾ
ਕੁਛ ਇਸ ਤਰ੍ਹਾਂ ਸੁਣਾਈ ਗਈ

ਰਿਸਦੇ ਹੀ ਰਹਿਣ ਨਾ ਆਵੇ ਅੰਗੂਰ
ਉਚੜੇ ਜ਼ਖਮਾਂ 'ਤੇ ਮਰ੍ਹਮ
ਕੁਛ ਇਸ ਤਰ੍ਹਾਂ ਲਗਾਈ ਗਈ

ਫਿਰ ਰਹੇ ਮੌਤ ਵੰਡਦੇ ਆਪਣੇ ਹੀ ਗਿਰਾਂ
ਅੱਖਾਂ 'ਚੋਂ ਰੌਸ਼ਨੀ ਉਹਨਾਂ ਦੀ
ਕੁਛ ਇਸ ਤਰ੍ਹਾਂ ਚੁਰਾਈ ਗਈ।

## ਤਰਕ

ਮੁੱਕੇ ਤੋਂ ਵੱਡਾ ਇਹਨਾਂ ਕੋਲ ਕੋਈ ਤਰਕ ਨਹੀਂ ਹੈ
ਨਫਰਤ ਤੋਂ ਖਾਲੀ ਇਹਨਾਂ ਦਾ ਕੋਈ ਵਰਕ ਨਹੀਂ ਹੈ

ਆਪਣੇ ਮਕਸਦ ਲਈ ਵਰਤਣ ਹਰ ਟੂਕ ਗਰੰਥਾਂ ਵਿਚੋਂ
ਇਸ ਕਸਵੱਟੀ ਤੋਂ ਉੱਪਰ ਬਾਣੀ ਦਾ ਕੋਈ ਅਰਕ ਨਹੀਂ ਹੈ

ਨਾਹਰੇ ਹਨ ਤਲਵਾਰਾਂ ਡੁੱਲ੍ਹਦਾ ਮਾਸੂਮਾਂ ਦਾ ਖ਼ੂਨ
ਸੰਨ ਸੰਤਾਲੀ ਨਾਲੋਂ ਹੁਣ ਵੀ ਕੋਈ ਫਰਕ ਨਹੀਂ ਹੈ

ਸਵਰਗ ਦੀ ਭਾਲ ਵਿੱਚ ਜੋ ਖੁਦ ਉਹੋ ਬਣਾਉਂਦੇ
ਉਸ ਨਰਕ ਤੋਂ ਵੱਡਾ ਕੋਈ ਨਰਕ ਨਹੀਂ ਹੈ

ਬੰਦੇ ਹੀ ਮੁੜ ਕੇ ਹੈਵਾਨ ਬਣੀ ਜਾਂਦੇ
ਧਰਮ ਤੇ ਪੈਸੇ ਤੋਂ ਵੱਡਾ ਕੋਈ ਠਰਕ ਨਹੀਂ ਹੈ

ਵਰਤਮਾਨ ਤੇ ਭਵਿੱਖ ਕਿੰਨੀਆਂ ਅੱਖਾਂ ਦੇ ਉਜੜੇ
ਧਰਮ ਦੇ ਵਪਾਰੀਆਂ ਨੂੰ ਪਿਆ ਕੋਈ ਫਰਕ ਨਹੀਂ ਹੈ

ਜਿਹਦੇ ਨਾਮ ਦਾ ਹੀ ਕਰਦੇ ਹਰ ਵੇਲੇ ਜਾਪ
ਕੀ ਕੀਤਾ ਉਸ ਸਭ ਦਾ ਬੇੜਾ ਗਰਕ ਨਹੀਂ ਹੈ ?



# ਸੁਰਜੀਤ ਕਲਸੀ

## ਏਥੇ ਸੂਰਜ ਚੜ੍ਹਨ ਦੀ ਉਡੀਕ ਨਹੀਂ ਕੋਈ ਕਰਦਾ

ਇਥੇ ਸੂਰਜ ਚੜ੍ਹਨ ਦੀ ਉਡੀਕ ਨਹੀਂ ਕੋਈ ਕਰਦਾ।
ਮਜ਼ੂਰਨ ਦੇ ਹੱਥ ਸਿਰਫ਼ ਫਲ ਤੋੜਦੇ ਹਨ
ਅੱਖਾਂ ਵਿਚ ਕਾਸ਼ਨੀ, ਨਾਭੀ, ਰਸੌਂਤੀ ਰੰਗ ਦੀ ਚਮਕ
ਰਸੀ ਬੇਰੀ ਦੇ ਛਿੱਟੇ ਮੂੰਹ, ਹੱਥਾਂ, ਬਾਹਾਂ ਅਤੇ
ਵਸਤਰਾਂ ਤੇ ਚੁਪਚਾਪ ਪੈਂਦੇ
ਖੇਤ ਮਜ਼ੂਰਨਾਂ ਦੇ ਚਿਤਰ ਬਣਾਉਂਦੇ ਹਨ।

ਚਿੱਟੀਆਂ ਕਪਾਹ ਦੀਆਂ ਫੁੱਟੀਆਂ ਦਾ ਗੀਤ
ਭੁੱਲੇ ਵਿਸਰੇ ਚੇਤੇ ਵਿਚ ਕਿਧਰੇ ਭਟਕ ਕੇ ਰਹਿ ਜਾਂਦਾ ਹੈ
ਉਸ ਦੀ ਧੁਨ ਪਹਿਲੇ ਹੀ ਦਿਨ
ਜ਼ਿਹਨ 'ਚੋਂ ਰੇਤ ਦੇ ਕਣਾਂ ਵਾਂਗ ਕਿਰ ਜਾਂਦੀ ਹੈ।
ਮਹਿੰਦੀ ਰੱਤੇ ਹੱਥਾਂ ਦੀ ਲਚਕ
ਸਪਰੌਟਾਂ ਤੇ ਬਰੋਕਲੀ ਦੇ ਪੱਛਾਂ ਦੇ ਚੀਰਿਆਂ ਨਾਲ
ਰਾਤੋ ਰਾਤ ਬੇਲਚਕ ਹੋ ਜਾਂਦੀ ਹੈ।

ਕੈਨੇਡਾ ਦੇ ਫਾਰਮਾਂ ਵਿਚ
ਪੰਜਾਬ ਦੀਆਂ ਮੁਟਿਆਰਾਂ ਦੇ ਛੋਹਲੇ ਹੱਥ ਜਦ
ਸਟ੍ਰਾਬੇਰੀ ਤੋੜਦੇ ਤ੍ਰਿੰਞਣ ਦਾ ਛਪ ਭੁਲ ਜਾਂਦੇ ਹਨ
ਧਮਾਲ ਪਾਉਂਦੇ ਪੰਜਾਬਣਾਂ ਦੇ ਲੱਕਾਂ ਦੁਆਲੇ
ਜਦ ਬੇਰੀ ਦੀਆਂ ਬਾਲਟੀਆਂ ਲਟਕਦੀਆਂ ਹਨ
ਖੇਤਾਂ 'ਚ ਮੌਸਮ ਟ੍ਰਕੀ ਦੀ ਉਡੀਕ ਤੇ
ਬੇਰੀ ਤੋੜਨ ਵਿਚਾਲੇ ਪਸਰਿਆ ਰਹਿੰਦਾ ਹੈ
ਤੇ ਸਮਾਂ ਬੇਫਿਕਰ ਸਭ ਕਾਸੇ ਤੋਂ ਲੰਘਦਾ ਰਹਿੰਦਾ ਹੈ।

ਨਾ ਦਿਨ ਹੈ ਨਾ ਰਾਤ, ਨਾ ਦੁਪੈਹਰ ਨਾ ਸਵੇਰ
ਇਥੇ ਸੂਰਜ ਚੜ੍ਹਨ ਦੀ ਉਡੀਕ ਨਹੀਂ ਕੋਈ ਕਰਦਾ
ਇਥੇ ਹਰ ਕਿਸੇ ਦਾ ਸੂਰਜ ਲੋੜ ਅਨੁਸਾਰ ਚੜ੍ਹ ਆਉਂਦਾ ਹੈ।
ਮੂੰਹ ਹਨੇਰੇ ਟ੍ਰਕੀ ਦੀ ਆਵਾਜ਼ ਨਾਲ
ਖੇਤ ਮਜ਼ਦੂਰ ਮਾਵਾਂ ਬੱਚਿਆਂ ਨੂੰ ਚੁੱਕ
ਟ੍ਰਕੀ 'ਚ ਲਦ ਖੇਤ ਨੂੰ ਤੁਰ ਪੈਂਦੀਆਂ।

ਇਥੇ ਰਾਤ ਨੂੰ ਬਾਲ ਮਾਵਾਂ ਤੋਂ
ਬਾਤਾਂ ਸੁਣਨ ਦੀ ਜ਼ਿੱਦ ਨਹੀਂ ਕਰਦੇ
ਅੱਧੀ ਰਾਤ ਨੂੰ ਅਗਲੇ ਦਿਨ ਲਈ ਪੱਕਦੇ
ਆਲੂ ਵਾਲੇ ਪਰਾਉਂਠਿਆਂ ਦੀ ਵਾਸ਼ਨਾ ਨਾਲ ਹੀ
ਚੁੱਪ ਚਾਪ ਘੂਕ ਸੌਂ ਜਾਂਦੇ।

ਖੇਤਾਂ 'ਚ ਛੋਹਲੇ ਹੱਥ ਬੇਰੀ ਤੋੜਦੇ
ਡਾਲਿਆਂ ਦੀ ਗੱਲ ਰੁਪਈਆ 'ਚ ਵਟਦੀ ਹੈ
ਰੁਪਈਏ ਤੋਲਿਆਂ ਵਿਚ ਤੇ ਤੋਲੇ ਲੜੀਆਂ ਵਿਚ
ਛਾਪਾਂ, ਹਾਰਾਂ ਤੇ ਝੁਮਕਿਆਂ ਵਿਚ ਵੱਟਦੇ ਹਨ।
ਵਤਨ ਫੇਰੀ ਦੀਆਂ ਹਸਰਤਾਂ ਅੰਗੜਾਈ ਲੈਂਦੀਆਂ
'ਮੇਨ ਸਟ੍ਰੀਟ' 'ਤੇ ਲਗੀਆਂ ਸੇਲਾਂ 'ਚ ਢਲਦੀਆਂ ਹਨ
ਜੇ ਇਹ ਕਲਪਨਾ ਹਕੀਕਤ ਹੋ ਜਾਏ
ਹਰ ਕਿਸੇ ਦਾ ਆਪਣਾ ਸੂਰਜ ਉਹਦੇ ਵਿਹੜੇ ਉਗ ਆਏ।

## ਸਮਾਂ ਜਦ ਨਬਜ਼ਾਂ ਵਿਚ ਠਹਿਰ ਜਾਂਦਾ ਹੈ

ਸਮਾਂ ਜਦ ਨਬਜ਼ਾਂ ਵਿਚ ਠਹਿਰ ਜਾਂਦਾ ਹੈ
ਅਸੀਂ ਰੁਕੇ ਹੋਏ ਪਲ ਜਿਊਂਦੇ ਹਾਂ।

ਐਨਾ ਕੁਝ ਵਾਪਰ ਗਿਐ
ਮੇਰੇ ਪਰਤ ਆਉਣ ਤੱਕ
ਐਨਾ ਕੁਝ ਵਾਪਰ ਗਿਐ
ਸਾਡੀਆਂ ਅੱਖਾਂ ਤੋਂ ਪਰਾਂ



ਅਸੀਂ ਤਾ ਬਸ
ਦੇਸੋਂ ਆਉਣ ਵਾਲੇ ਤੋਂ ਜਾਂ ਤਾਂ
ਹਮ-ਵਤਨਾਂ ਦਾ ਹਾਲ ਪੁੱਛਦੇ ਰਹੇ
ਜਾਂ ਅਖ਼ਬਾਰਾਂ ਵਿਚ ਛਪਦੀਆਂ
ਵਤਨ ਬਾਰੇ ਖ਼ਬਰਾਂ ਦਾ ਸੱਚ
ਪਰਖਦੇ ਉਨ੍ਹਾਂ ਸੁਰਖ਼ੀਆਂ ਨੂੰ
ਨੀਝ ਲਾ ਕੇ ਤੱਕਦੇ ਰਹੇ।

ਅੱਜ ਜਦ ਹਰ ਚੀਜ਼ ਦੀ ਕਮਾਈ ਵਧੀ ਹੈ
ਇਨਸਾਨ ਦੀ ਕੀਮਤ ਬਹੁਤ ਹੀ ਘਟੀ ਹੈ।
ਹਰ ਚੀਜ਼ ਤੋਂ ਸਸਤੀ ਵਿਕਦੀ ਮਨੁੱਖੀ ਜਾਨ
ਜ਼ਿੰਦਗੀ ਤੇ ਨਹੀਂ ਰਿਹਾ ਕਿਸੇ ਨੂੰ ਮਾਣ।
ਨਾ ਜਵਾਨੀ ਬੁੱਕਦੀ ਪੰਜਾਬ ਦੇ ਬੇਲਿਆਂ 'ਚ
ਨਾ ਆਉਂਦੀ ਕਿਧਰੋਂ ਘੂਕਰ ਤ੍ਰਿੰਝਣਾਂ ਦੀ ॥
ਨਿੱਤ ਵਾਪਰਦੇ ਕਤਲੋ-ਗ਼ਾਰਤ
ਜ਼ਿੰਦਗੀ ਦਾ ਹਿੱਸਾ ਹੋ ਜਾਣ ਜਿਥੇ
ਨਾ ਕਿਸੇ ਸ਼ਰੇਆਮ ਕਤਲ 'ਤੇ
ਤਰਭਕਦਾ ਹੈ ਕੋਈ ਹੁਣ
ਨਾ ਰੋਂਦੀ ਹੈ ਕੋਈ ਅੱਖ ਉਥੇ।

ਮੈਂ ਸੋਚਿਆ ਸੀ
ਮੇਰੇ ਪਰਤ ਆਉਣ ਤੱਕ
ਐਨਾ ਕੁਝ ਵਾਪਰਨ ਉੱਤੇ
ਹਜ਼ਾਰਾਂ ਅੱਥਰੂ ਅੱਖਾਂ 'ਚ ਰੁਕੇ ਮਿਲਣਗੇ
ਛਾਤੀ ਵਿਚ ਹਉਕੇ ਤੇ ਗਲ 'ਚ ਬੋਲ ਰੁਕੇ ਮਿਲਣਗੇ
ਅਜਿਹਾ ਨਹੀਂ ਹੈ
ਅਤਿਤਾਈ ਦੇ ਸਹਿਮ ਨੇ
ਹਰ ਕਿਸੇ ਨੂੰ ਸਹਿਮਾ ਦਿਤਾ ਹੈ
ਤਸ਼ੱਦਦ ਨੇ ਕਲੇਜਾ ਲੋਹਾ ਬਣਾ ਦਿਤਾ ਹੈ
ਹੱਸਦੇ ਨੇ ਮੇਰੀ ਭਾਵਕਤਾ 'ਤੇ ਲੋਕ !
ਮੈਂ ਕਿਵੇਂ ਇਨ੍ਹਾਂ ਨੂੰ ਦਸਾਂ ਕਿ
ਜਦ ਗੋਲੀ ਪੰਜਾਬ 'ਚ ਚਲਦੀ ਹੈ

ਧਮਕ ਘਰ ਸਾਡੇ ਵੈਨਕੂਵਰ ਵਿਚ ਪੈਂਦੀ ਹੈ ।
ਪੰਜਾਬ ਤੇ ਦਿੱਲੀ ਦੀਆਂ ਗਲੀਆਂ ਵਿਚ
ਨਿਦੋਸ਼ਿਆਂ ਦੇ ਖ਼ੂਨ ਤੇ ਅੱਗਾਂ 'ਚ ਭੁੱਜਦੇ
ਜਿਸਮਾਂ ਦੀ ਕਸੀਸ
ਪੈਂਦੀ ਹੈ ਸਾਡੇ ਕਾਲਜਿਆਂ ਵਿਚ ।
ਕਰਫ਼ਿਊ ਪੰਜਾਬ 'ਚ ਲਗਦਾ ਹੈ
ਅਸੀਂ ਵਿਦੇਸ਼ੀ ਧਰਤੀ 'ਤੇ ਘਰਾਂ 'ਚ ਲੁਕ ਜਾਂਦੇ ਹਾਂ
ਫ਼ਿਰਕੂ ਕਤਲੋ-ਗ਼ਾਰਤ ਦੇ ਸ਼ੋਰ ਦੀ ਗਹਿਰ ਚੜ੍ਹਦੀ ਹੈ
ਤਾਂ ਅਸੀਂ ਹਜ਼ਾਰਾਂ ਮੀਲ ਦੂਰ ਪਰਵਾਸ ਵਿਚ
ਘਰਾਂ ਦੇ ਕੰਧਾਂ ਕੌਲਿਆਂ ਨਾਲ ਲਗ ਜਾਂਦੇ ਹਾਂ ।
ਮੇਰੀ ਭਾਵੁਕਤਾ ਤੇ ਹੱਸਦੇ ਹਨ :
ਕਹਿੰਦੇ ਹਨ—ਪੰਜਾਬ ਅੱਗੇ ਨਿਕਲ ਗਿਆ ਹੈ
ਅਜਿਹੇ ਦਹਿਸ਼ਤ ਦੇ ਅਹਿਸਾਸ ਤੋਂ ਕੋਹਾਂ ਅਗੇ,
ਤੁਸੀਂ ਸਮੇਂ ਵਿਚ ਕੈਦ ਹੋ—
ਹਰ ਬੰਦਾ ਜੋ ਬਾਹਰ ਵਤਨ ਤੋਂ ਜਾਂਦਾ ਹੈ
ਜਦੋਂ ਜਿਸ ਸਮੇਂ ਜਾਂਦਾ ਹੈ
ਉਹ ਉਸ ਸਮੇਂ ਦੇ ਕੈਪਸੂਲ ਵਿਚ
ਬੰਦ ਹੋ ਕੇ ਰਹਿ ਜਾਂਦਾ ਹੈ ।

ਇਥੇ ਐਨਾ ਕੁਝ ਵਾਪਰ ਗਿਆ ਹੈ
ਤੇ ਬੀਤ ਗਿਆ ਹੈ
ਲੋਕ ਹਰ ਰੋਜ਼ ਅਗੇ ਵਧ ਜਾਂਦੇ ਹਨ ।
ਬਾਹਰੋਂ ਆਏ ਬੰਦੇ ਦੀ ਇਹ ਹੋਣੀ ਹੈ
ਕਿ ਉਹ ਠਹਿਰੇ ਹੋਏ ਪਲਾਂ ਨੂੰ ਮੁੜ
ਵਾਪਸ ਆਪਣੇ ਨਾਲ ਲੈ ਆਉਂਦਾ ਹੈ,
ਤੇ ਜਿਥੇ ਜ਼ਿੰਦਗੀ ਨੂੰ ਠਹਿਰਾ ਕੇ
ਗਿਆ ਹੁੰਦੈ, ਦੇਸ ਪਰਤਣ 'ਤੇ
ਐਨ ਉਥੋਂ ਹੀ ਜਿਊਣਾ ਸ਼ੁਰੂ ਕਰਦਾ ਹੈ
ਉਦੋਂ ਤੱਕ ਉਹ ਬਹੁਤ ਪਿਛੇ ਰਹਿ ਚੁੱਕਾ ਹੁੰਦੈ ।
ਠਹਿਰੇ ਹੋਏ ਪਲਾਂ ਦਾ ਅਹਿਸਾਸ
ਵਤਨ ਤੋਂ ਬਾਹਰ ਕਦੇ ਨਹੀਂ ਹੁੰਦਾ ।
ਸਮਾਂ ਜਦ ਨਬਜ਼ਾਂ ਵਿਚ ਠਹਿਰ ਜਾਂਦਾ ਹੈ
ਅਸੀਂ ਰੁਕੇ ਹੋਏ ਪਲ ਜਿਊਂਦੇ ਰਹਿੰਦੇ ਹਾਂ ।



## ਸੂਫ਼ੀ ਅਮਰਜੀਤ

### ਚਾਰ ਗ਼ਜ਼ਲਾਂ

—ਇੱਕ—

ਕਿਸ ਨੂੰ ਹੱਥੀਂ ਛਾਵਾਂ ਕਰੀਏ, ਨੈਣੀਂ ਕੌਣ ਵਸਾਈਏ ?
ਕਿਸ ਨੂੰ ਆਪਣੇ ਮਨ ਦੀ ਪੀੜਾ ਲਾਗੇ ਬੈਠ ਸੁਣਾਈਏ ?

ਬਰਫ਼ਾਂ ਦੇ ਇਸ ਦੇਸ਼ ਦੇ ਅੰਦਰ ਮੋਹ ਵੀ ਠੰਡਾ ਠੰਡਾ,
ਦਿਲ ਤਾਈਂ ਗਰਮਾਹਟ ਖ਼ਾਤਰ ਕਿਥੋਂ ਨਿਘ ਲਿਆਈਏ ?

ਏਸ ਦੇਸ਼ ਵਿਚ ਅਕਲਾਂ ਮਿਣਦੇ, ਡਾਲਰ ਦੇ ਗ਼ਜ਼ ਉੱਤੇ.
ਸਿਰੋਂ ਮਨੁੱਖਤਾ ਬੇਅਕਲੀ ਦਾ ਕਿੱਦਾਂ ਕਰਜ਼ਾ ਲਾਹਈਏ ।

ਉਹ ਜਿਸ ਰੈਣ ਬਸੇਰਾ ਆਪਣਾ, ਆਪੇ ਸਾੜ ਲਿਆ ਏ,
ਕੱਖ ਕਾਣ ਦੀ ਆਪਣੀ ਝੁੱਗੀ, ਉਸ ਤੋਂ ਕਿਵੇਂ ਬਚਾਈਏ ।

ਦਿਨ ਚੜ੍ਹਦੇ, ਛੁਪਦੇ, ਤੁਰ ਜਾਂਦੇ, ਰਾਤ ਵੀ ਨਾਲੇ ਤੁਰਦੀ,
ਲੰਮੀਆਂ ਵਾਟਾਂ ਦੇ ਰਾਹ 'ਸੂਫ਼ੀ' ਬਿਨ ਰੁਕਿਆਂ ਲੰਘ ਜਾਈਏ ।

—ਦੋ—

ਉਡੀਕੇ, ਨਾ ਆਏ, ਗ਼ਜ਼ਬ ਹੋ ਗਿਆ ।
ਹੱਸਦੇ, ਰੁਆਏ, ਗ਼ਜ਼ਬ ਹੋ ਗਿਆ ।

ਤੇਰੇ ਹੀ ਦਿਲ ਵਿਚ ਜੋ ਸਾਜ਼ਸ਼ ਦਾ ਕੰਡਾ,
ਕੋਈ ਕਿਧਰ ਜਾਏ, ਗ਼ਜ਼ਬ ਹੋ ਗਿਆ।

ਲਹੂ ਨਾਲ ਜਿਹੜੇ ਉਸਾਰੇ ਅਸਾਂ,
ਪਲਾਂ ਵਿੱਚ ਗਿਰਾਏ ਗ਼ਜ਼ਬ ਹੋ ਗਿਆ।

ਹਿੰਦੂ ਜਾਂ ਸਿੱਖ ਹੋਣ ਤੇ ਫ਼ਖ਼ਰ ਕਰਕੇ,
ਉਹ ਬੰਦਾ ਕਹਾਏ, ਗ਼ਜ਼ਬ ਹੋ ਗਿਆ।

ਮਰਜ਼ੀ ਦੇ ਮਾਲਕ ਉਹ ਪਹਿਲੇ ਦਿਨੋਂ,
ਕਿਹੜਾ ਬੁਲਾਏ, ਗ਼ਜ਼ਬ ਹੋ ਗਿਆ।

ਰਾਹੀ ਦੀ ਮੰਜ਼ਲ ਅਜੇ ਦੂਰ ਕਿੰਨੀ,
ਪੁਛਦੇ ਨੇ ਸਾਏ, ਗ਼ਜ਼ਬ ਹੋ ਗਿਆ।

ਮਿਲਣੇ ਦੀ ਉਹਨਾਂ ਇਕੋ ਸ਼ਰਤ ਰੱਖੀ,
ਗ਼ਜ਼ਲ 'ਸੂਫ਼ੀ' ਗਾਏ, ਗ਼ਜ਼ਬ ਹੋ ਗਿਆ।

## —ਤਿੰਨ—

ਰੁੱਸੀ ਬਹਾਰ ਸਾਡੀ ਨੂੰ ਮਨਾਏ ਕਿਵੇਂ ਕੋਈ।
ਪੱਤਝੜ 'ਚ ਬਸੰਤੀ ਗੀਤ ਗਾਏ ਕਿਵੇਂ ਕੋਈ।

ਬਲੇ ਅੱਗ ਨਫਰਤ ਦੀ ਕਿਵੇਂ ਠਾਰੇ ਬਰਫ ਦੱਸੋ,
ਰਹਿਮ ਦੇ ਅਰਥ ਕਾਤਲ ਨੂੰ ਸਮਝਾਏ ਕਿਵੇਂ ਕੋਈ।

ਸ਼ਹਿਰ ਮੇਰੇ ਬੇਗੁਨਾਹ ਹੁੰਦੇ ਨੇ ਰੋਜ਼ ਕਤਲ,
ਹਾਸਿਆਂ ਦੇ ਕਹਿਕਹੇ ਭਲਾ ਲਾਏ ਕਿਵੇਂ ਕੋਈ।

ਸੁੱਚੀਆਂ ਮਹਿਕਾਂ ਦੇ ਸੁਨੇਹੇ ਦੇਣ ਵਾਲੇ ਦੇ,
ਚਰਨ ਸਾਡੇ ਵਿਹੜੇ ਪਵਾਏ ਕਿਵੇਂ ਕੋਈ।

ਸਾਡੇ ਕੱਖਾਂ ਦੇ ਹੁਜਰੇ ਨੂੰ ਜਿਸ ਨੇ ਚੁਆਤੀ ਹੀ ਲਾਉਣੀ,
ਦਸੋ ਕਿ ਮਹਿਮਾਨ ਓਸ ਨੂੰ ਠਹਿਰਾਏ ਕਿਵੇਂ ਕੋਈ।



ਹਰ ਕੋਈ ਓਸ ਦੇ ਪੁਆੜੇ ਦੀ ਹੀ ਗੱਲ ਹੈ ਕਰਦਾ,
ਫਿਰ ਅਜਿਹੀ ਕਲ੍ਹਾ ਨੂੰ ਮੁੜ ਅਜ਼ਮਾਏ ਕਿਵੇਂ ਕੋਈ।

ਬੇਅਸੂਲੀ ਸੁਲਾਹ ਮੈਂ ਕਿਦਾਂ ਕਰਾਂ, ਦਸੋ ਭਲਾ,
'ਸੂਫ਼ੀ' ਉਸ ਨੂੰ ਕੋਈ ਤਾਂ ਸਮਝਾਏ ਕਿਵੇਂ ਕੋਈ।

## —ਚਾਰ—

ਹਵਾ ਵਿਚ ਜਿਵੇਂ ਕੁਝ ਸਰ-ਸਰਾ ਰਿਹਾ ਹੈ।
ਵਿਸ਼ਵਾਸ ਇਕ ਦਿਲ ਨੂੰ ਧੜਕਾ ਰਿਹਾ ਹੈ।

ਟਟਹਿਣਾ, ਨਾ ਚੰਨ ਹੈ, ਨਾ ਸੂਰਜ ਹੈ ਭਾਵੇਂ,
ਆਪਣਾ ਦੁਆਲਾ ਤਾਂ ਰੁਸ਼ਨਾ ਰਿਹਾ ਹੈ।

ਜੀਵਨ ਲਈ ਸੱਚ ਦਾ ਅਹਿਸਾਸ ਲੈ ਕੇ,
ਕਤਲ ਹੋਣ ਖ਼ਾਤਰ ਕੋਈ ਜਾ ਰਿਹਾ ਹੈ।

ਤਲਵਾਰ ਦੀ ਧਾਰ ਤੇ ਦੇਖੋ ਹਾਕਮ,
ਤੁਰਨ ਲਈ ਅਸਾਂ ਨੂੰ ਵੀ ਉਕਸਾ ਰਿਹਾ ਹੈ।

ਈਮਾਨ ਮੇਰਾ ਮਕਾਰਾਂ ਦਾ ਕੋਹਿਆ,
ਸੋਹਲੇ ਸਿਦਕ ਦੇ ਅਜੇ ਗਾ ਰਿਹਾ ਹੈ।

ਪਛਾਣੋ ਇਹ ਕਿਹੜੇ ਖ਼ੁਦਾ ਦਾ ਪੁਜਾਰੀ,
ਜ਼ਾਲਮ, ਮਨੁੱਖਤਾ ਨੂੰ ਝਟਕਾ ਰਿਹਾ ਹੈ।

'ਸੂਫ਼ੀ' ਬਨੇਰੇ ਦਾ ਕਾਂ ਕੀ ਕਹੇ ਸੁਣ,
ਉਡੀਕੇਂ ਤੂੰ ਜਿਸ ਨੂੰ ਉਹੀ ਆ ਰਿਹਾ ਹੈ।

## ਗੀਤ

ਸੱਜਣਾਂ ਕਿਉਂ ਰੁੱਸ ਬੈਠੋਂ ਦੂਰ
ਮੁੜ ਕੇ ਫੇਰ ਨਾ ਲੱਭਣਾ ਤੈਨੂੰ,
ਸਾਡਾ ਰੂਪ ਸੰਧੂਰ ।

ਅਸੀਂ ਤਾਂ ਕੋਇਲ ਕੰਠ ਬੈਠਾਈ,
ਅਸੀਂ ਤਾਂ ਮੋਹ ਵਿਚ ਤਾਰੀ ਲਾਈ,
ਅਸੀਂ ਤਾਂ ਤੇਰੇ ਬਾਝੋਂ ਸੱਜਣਾਂ
ਮਰ ਚੱਲੇ ਹਾਂ ਝੂਰ...

ਅਸਾਂ ਤਾਂ ਨੈਣੀਂ ਸ਼ਰਮ ਲਕੋਈ
ਅਸਾਂ ਤਾਂ ਸੋਚੀਂ ਆਸ ਪਰੋਈ,
ਪਲ ਪਲ ਛਿੰਨ ਛਿੰਨ ਜੋਬਨ ਕਿਰਦਾ
ਜਿਉਂ ਅੰਬੀਆਂ ਤੋਂ ਬੂਰ...

ਅਸੀਂ ਤਾਂ ਤੇਰੇ ਬਾਝ ਮਸੋਸੇ
ਛੱਡ ਬੈਠੇ ਹਾਂ ਕੁਲ ਭਰੋਸੇ,
ਸਾਡੀਆਂ ਅੱਖੀਆਂ ਰੋ ਰੋ ਸੱਜਣਾਂ
ਹੋ ਗਈਆਂ ਬੇ ਨੂਰ...

ਹਾਰ ਗਏ ਅਸੀਂ ਕਰ ਕਰ ਤਰਲੇ,
ਤੂੰ ਬੈਠੈਂ ਜਾ ਪੱਤਣ ਪਰਲੇ,
ਸਾਨੂੰ ਦੱਸ ਖਾਂ ਕਿਹੜਾ 'ਸੂਫੀ'
ਕੀਤਾ ਅਸੀਂ ਕਸੂਰ...



# ਮਹਿੰਦਰ ਸੂਮਲ

## ਮਾਂ ਪੁੱਛੇਗੀ

ਮਾਂ ਪੁੱਛੇਗੀ ਕੀ ਦੱਸਾਂਗੇ
ਉਮਰ ਗੁਆ ਕੇ ਮੁੜ ਆਏ ਹਾਂ
ਪੱਛਮ ਦੇ ਵਰ੍ਹਿਆਂ ਨਾਲ ਲੱਦੀ
ਜੂਨ ਹੰਢਾ ਕੇ ਮੁੜ ਆਏ ਹਾਂ
ਫਿਕਰਾਂ ਦੇ ਸਾਗਰ ਵਿੱਚ ਡੁੱਬੇ
ਗੋਤੇ ਖਾ ਕੇ ਮੁੜ ਆਏ ਹਾਂ
ਲੱਭਣ ਗਏ ਸਾਂ ਨਵੇਂ ਸਵੇਰੇ
ਮਹਿਕ ਦੀ ਵਾਦੀ ਸੱਜਰੇ ਖੇੜੇ
ਪਰ ਕਿਸ਼ਤਾਂ ਦੀਆਂ ਡੂੰਗੀਆਂ ਪੈੜਾਂ
ਢੇਹੀਂ ਪਾ ਕੇ ਮੁੜ ਆਏ ਹਾਂ
ਚਿੱਟੇ ਰੰਗ ਦੀ ਮੈਲੀ ਅੱਖ ਨੇ
ਸਾਡਾ ਰੰਗ ਬਾਜ਼ਾਰੀਂ ਭੰਡਿਆ
ਸਾਥੋਂ ਸਾਡਾ ਪਿੱਛਾ ਮੰਗਿਆ
ਤਿੱਖੇ ਮਿਹਣੇ ਵਿੰਨਦੇ ਜਾਂਦੇ
ਸੀਨੇ ਲਾ ਕੇ ਮੁੜ ਆਏ ਹਾਂ

ਕੱਚ ਕੁਆਰੀਆਂ ਸੁੱਚੀਆਂ ਲਗਰਾਂ
ਬੁੱਢੇ ਰੁੱਖ ਦੀ ਝੋਲੀ ਪਾਈਆਂ
ਕੁਝ ਡਾਲਰ ਦੇ ਅਫ਼ਰੇਵੇਂ ਨੇ
ਚੀਥੜ ਚੀਥੜ ਮੌਤ ਸਵਾਈਆਂ
ਕੁਝ ਕੰਜਕਾਂ ਦੇ ਮਘਦੇ ਪਿੰਡੇ
ਕਬਰੀਂ ਪਾ ਕੇ ਮੁੜ ਆਏ ਹਾਂ

ਦੇ ਨਾ ਹੋਈ ਗੁੜਤੀ ਮਾਏਂ
ਤੇਰੀ ਮਿੱਠ-ਬੋਲੀ ਦੀ ਸਾਥੋਂ
ਤੇਰੇ ਲਾਲਾਂ ਦੀ ਨੀਂ ਮਮਤਾ
ਆਪ ਗੁਆ ਕੇ ਮੁੜ ਆਏ ਹਾਂ

ਤੇਰੀ ਉਮਰ ਤਾਂ ਕਾਲੀ ਹੋਈ
ਸਾਡੀ ਉਮਰ ਵੀ ਠੰਡੀ ਹੋਈ
ਮਨ ਦੇ ਰੋਗੀ ਝੂਠੇ ਵੈਦਾਂ
ਨਬਜ਼ ਵਿਖਾ ਕੇ ਮੁੜ ਆਏ ਹਾਂ
ਬੀਤੇ ਦੇ ਪਛਤਾਵੇ ਵਰਗੀ
ਰਾਤਾਂ ਦੇ ਜਗਰਾਤੇ ਵਰਗੀ
ਡਾਲਰ ਦੇ ਉਦਰੇਵੇਂ ਵਰਗੀ
ਜੂਨਾਂ ਦੇ ਪਰਛਾਵੇਂ ਵਰਗੀ
ਪੀੜ 'ਚੋਂ ਉਠੇ ਲਾਵੇ ਵਰਗੀ
ਜਿੰਦ ਹੰਢਾ ਕੇ ਮੁੜ ਆਏ ਹਾਂ
ਮਾਂ ਪੁੱਛੇਗੀ ਕੀ ਦੱਸਾਂਗੇ
ਉਮਰ ਗੁਆ ਕੇ ਮੁੜ ਆਏ ਹਾਂ ।

## ਗ਼ਜ਼ਲ

ਕੌੜੇ ਬੋਲਾਂ 'ਚ ਰਿਸ਼ਤੇ ਤਬਾਹ ਹੋ ਗਏ ।
ਮੋਹ ਮਾਇਆ ਲਈ ਐਸੇ ਗੁਨਾਹ ਹੋ ਗਏ ।

ਘਰ ਤੋਂ ਟੁਰਿਆ ਸਾਂ ਕਰਨੈਂ ਸਫਰ ਸ਼ਹਿਰ ਦਾ,
ਮੇਰੇ ਨਾਂ ਦੇ ਹੀ ਦੁਸ਼ਮਣ ਕਿਉਂ ਰਾਹ ਹੋ ਗਏ ।

ਪਹਿਲਾਂ ਮੱਥੇ ਤੇ ਕਾਲਖ ਦਾ ਟਿੱਕਾ ਲੱਗਾ,
ਹੁਣ ਤਾਂ ਦਿਲ ਤੀਕ ਕਾਲੇ-ਸਿਆਹ ਹੋ ਗਏ ।

ਪਹਿਲਾਂ ਵੱਖਰੇ ਸੀ ਐਵੇਂ ਖ਼ੁਦਾਵਾਂ ਦੇ ਨਾਮ,
ਹੁਣ ਤਾਂ ਬੰਦੇ ਵੀ ਆਪਸ 'ਚ ਜੁਦਾ ਹੋ ਗਏ ।



ਪਹਿਲਾਂ ਮੰਗਦੇ ਸਾਂ ਸੁੱਖਾਂ, ਸਰਬੱਤ ਦਾ ਭਲਾ,
ਹੁਣ ਤਾਂ ਉਲਟੇ ਹੀ ਆਪਣੇ ਸੁਭਾਅ ਹੋ ਗਏ ।

ਇਸ ਅੱਗ ਨੂੰ ਨਾ ਹੱਥੀਂ ਫੜੋ ਦੋਸਤੋ,
ਬੜੇ ਆਪਣੇ ਹੀ ਪਿੰਡੇ ਜਲਾ ਹੋ ਗਏ ।

ਜਿਹੜੇ ਅੱਖਰ ਸੀ ਧਰਤੀ ਦੀ ਹਿੱਕ ਤੇ ਲਿਖੇ,
ਸੋਨੇ ਚਾਂਦੀ 'ਚ ਉਹ ਵੀ ਮੜ੍ਹਾ ਹੋ ਗਏ ।

ਜਿਹੜੇ ਹੁੰਦੇ ਸਦਾ ਵਤਨ ਦੀ ਸ਼ਾਨ ਸਨ,
ਉਹ ਵੀ ਨਜ਼ਰਾਂ 'ਚੋਂ ਐਵੇਂ ਗਿਰਾ ਹੋ ਗਏ ।

## ਕਿੰਨਾ ਚਾਅ ਸੀ

ਕਿੰਨਾ ਚਾਅ ਸੀ ਘਰ ਜਾਵਾਂਗੇ
ਮੁੱਦਤਾਂ ਪਿੱਛੋਂ ਮਿਲ ਆਵਾਂਗੇ
ਆਪਣੀ ਮਾਂ ਦੇ ਇੱਕ ਦੋ ਹੰਝੂ
ਓਦਰੇ ਚੇਹਰੇ ਲਾ ਆਵਾਂਗੇ
ਦੇਸ਼ ਬਿਗਾਨੇ ਤਿੜਕੇ ਸੁਪਨੇ
ਝੰਬਿਆਂ ਚਿਹਰਾ
ਆਪਣੇ ਬਾਪ ਵਿਖਾ ਆਵਾਂਗੇ
ਮੱਧਮ ਲੈ ਤੇ ਲੰਬੀਆਂ ਹੇਕਾਂ
ਅੰਦਰੋਂ ਅੰਦਰ ਸੁੱਕ ਗਈਆਂ ਨੇ
ਤੂਤਾਂ ਦੀ ਛਾਂ ਹੇਠਾਂ ਬਹਿ ਕੇ
ਬਾਬੇ ਦੇ ਸੰਗ ਗਾ ਆਵਾਂਗੇ
ਕਿੰਨਾ ਚਾਅ ਸੀ ਘਰ ਜਾਵਾਂਗੇ ।

ਬਚਪਨ ਦੇ ਕੁਝ ਜਿਗਰੀ ਯਾਰਾ
ਪਿਛਲੀ ਰੁੱਤ ਦੀ ਗੱਲ ਕਰਾਂਗੇ
ਨਹਿਰ ਕਿਨਾਰੇ ਆਣ ਬਹਾਂਗੇ
ਕੁਝ ਉਲਾਂਭੇ ਕੁਝ ਕੁ ਰੋਸੇ
ਕੁਝ ਕੁ ਮੰਦੜੇ ਬੋਲ ਕਹਾਂਗੇ

ਦਿਲ ਦੀਆਂ ਦਿਲ ਵਿਚ ਰਹਿ ਗਈਆਂ ਨੇ
ਕੁਝ ਕਨੂੰਨੀ ਕੁਝ ਜਨੂੰਨੀ
ਤੇਜ਼ ਹਵਾਵਾਂ ਮੇਰੇ ਚਾਵੀਂ ਖਹਿ ਗਈਆਂ ਨੇ ।
ਹੁਣ ਤਾਂ ਲਗਦਾ ਸਾਰੇ ਸੁਪਨੇ
ਸੂਲੀ ਉਤੇ ਲਟਕ ਗਏ ਨੇ ।
ਟੁੱਟ ਗਈਆਂ ਪ੍ਰੀਤਾਂ ਦੀਆਂ ਪੀਘਾਂ
ਖਿੱਚੀਆਂ ਗਈਆਂ ਫੇਰ ਲਕੀਰਾਂ
ਸੰਨ ਸੰਤਾਲੀ ਦੇ ਜ਼ਖ਼ਮਾਂ ਦੀਆਂ
ਕੌਣ ਕਹੇ ਭੁੱਲ ਗਏ ਹਾਂ ਪੀੜਾਂ
ਵੱਟਾਂ ਦੀ ਸੰਘਣੀ ਛਾਂ ਹੇਠਾਂ
ਖ਼ੂਨ ਮੁਹੱਬਤਾਂ ਦਾ ਫਿਰ ਹੋਇਆ
ਨਫ਼ਰਤ ਦੀ ਰੰਗਤ ਦਾ ਸਿਰਕਾ
ਅਕਲਾਂ ਦੀ ਥ਼ਾਲੀ ਵਿੱਚ ਚੋਇਆ
ਇੰਝ ਲਗਦਾ ਏ, ਅੱਗ ਖਾਵਾਂਗੇ
ਢਲ ਜਾਵਾਂਗੇ, ਫੇਰ ਗਰਾਂ ਦੇ ਸੁਪਨੇ ਲੈਂਦੇ
ਆਪਣੇ ਰੰਗ ਵਿੱਚ ਖੁਰ ਜਾਵਾਂਗੇ
ਕਿੰਨਾ ਚਾਅ ਸੀ ਘਰ ਜਾਵਾਂਗੇ...।

## ਠਰੀ ਹੋਈ ਚੁੱਪ

ਖ਼ਬਰੇ ਮੇਰੇ ਅੰਦਰਲੀ ਹਵਾੜ ਨਾਲ
ਮੇਰਾ ਦਮ ਘੁੱਟ ਰਿਹਾ ਹੈ
ਖ਼ਬਰੇ ਬਾਹਰਲੀ ਹਵਾ ਹੀ
ਸਾਹ-ਸਤਹੀਣ ਹੋ ਗਈ ਏ
ਜੀ ਤਾਂ ਕਰਦਾ ਹੈ ਕੋਈ ਗੀਤ ਗਾਵਾਂ
ਤੇ ਇਸ ਚੁੱਪ ਨੂੰ ਤੋੜ ਦੇਵਾਂ
ਪਰ ਸੱਥ ਵਿੱਚ ਬੈਠੇ ਲੋਕ
ਤਿਤਲੀਆਂ ਦੇ ਟੁੱਟੇ ਖੰਭਾਂ
ਦੀ ਗੱਲ ਕਰ ਰਹੇ ਨੇ
ਤੇ ਹੌਲਦਾਰਾਂ ਦੀ ਕੰਤੋ ਦੇ
ਵਿਧਵਾ ਹੋਣ ਤੇ ਹੌਕਾ ਭਰ ਰਹੇ ਨੇ



ਨਹੁੰਆਂ ਤੋਂ ਟੁੱਟੇ ਮਾਸ ਦੇ
ਮੁੜ ਜੁੜਨ ਦੀ ਆਸ ਕਰ ਰਹੇ ਨੇ
ਹੁਣ ਰਾਕਸ਼ ਲੋਕਾਂ ਨੇ
ਨਵੇਂ ਲਿਬਾਸ ਪਾਏ ਨੇ
ਤੇ ਤਾਕਤ ਪਿੱਛੇ ਦੌੜ ਪਏ ਨੇ
ਲੋਕਾਂ ਦੀ ਸੋਚ ਘਾਹ ਦੀਆਂ ਤਿੜਾਂ ਵਾਂਗ
ਉਲਝ ਗਈ ਏ
ਪਿੰਡ ਦੇ ਬੁੱਢੇ ਆਦਮੀਆਂ ਪਾਸ
ਸਤਿਨਾਮ ਕਹਿਣ ਤੋਂ ਸਵਾਏ
ਹੋਰ ਕੁੱਝ ਨਹੀਂ ਰਿਹਾ

ਬੁੱਢੀ ਮਾਂ ਦੇ ਬੋੜੇ ਮੂੰਹ 'ਚੋਂ
ਹੁਣ ਕਦੇ, ਰੂਪ ਬਸੰਤ ਦੀ
ਨਾ ਕਦੇ, ਕਿਸੇ ਪਰੀ ਦੀ
ਕਹਾਣੀ ਨਿਕਲੀ ਏ
ਜਦ ਵੀ ਬੋਲਦੀ ਏ
ਰਾਮ ਹੀ ਰਾਖਾ, ਰਾਮ ਹੀ ਸਹਾਈ ਏ
ਆਖਦੀ ਏ

ਪਹਿਲਾਂ ਜੋ ਲੋਕ ਸ਼ੇਰਾਂ ਅਤੇ
ਸ਼ਿਕਾਰੀਆਂ ਦੀਆਂ ਗੱਲਾਂ ਕਰਦੇ ਸਨ
ਤੇ ਅਖੀਰ ਗੱਲ
ਹੱਲੇ ਗੁੱਲਿਆਂ ਤੇ ਆ ਕੇ ਮੁਕਦੀ ਸੀ
ਉਹ ਹੁਣ ਚੁੱਪ ਬੈਠੇ ਨੇ
ਤੇ ਸੱਥ ਵਿਚ ਕਦੇ ਕਦੇ
ਆਪਣੇ ਲਿਬਾਸ ਦੀ ਗੱਲ ਕਰਦੇ ਨੇ

ਜੇ ਮੈਂ ਕਿਸੇ ਗੀਤ ਦੀ ਹੇਕ ਲਾਵਾਂ ਵੀ
ਤਾਂ ਉਹ ਇਸ ਠਰੀ ਹੋਈ
ਚੁੱਪ ਨੂੰ ਕਿਵੇਂ ਤੋੜੇਗੀ
ਕਿਵੇਂ ਤੋੜੇਗੀ...?

## ਮੰਗਾ ਸਿੰਘ ਬਾਸੀ

### ਨੈਲਸਨ ਮੰਡੇਲਾ ਨੂੰ !

ਮਨੁੱਖਤਾ ਲਈ ਜੂਝਦੇ ਦੱਖਣੀ ਅਫਰੀਕਾ ਦੇ ਸੰਗਰਾਮੀਏ ਦੇ ਨਾਂ—
(ਜਦੋਂ ਉਹ ਜੇਲ੍ਹ ਵਿਚ ਸੀ)

ਤੂੰ—
ਜੋ ਕੀਤੀ ਏ
ਸੱਚ ਦੀ, ਹੱਕ ਦੀ,
ਧਰਤੀ ਤੇ ਲੋਕਾਂ ਦੀ ਗੱਲ,
ਮੈਂ ਉਸ ਤੇ
ਫੁੱਲ ਚੜ੍ਹਾਉਂਦਾ ਹਾਂ ।
ਅਸ਼ਕੇ ਤੇਰੇ
ਬਾਂਕਿਆ ਸ਼ੇਰਾ
ਤੂੰ—
ਮੁੱਢਲੇ ਕਦਮ ਤੋਂ ਲੈ ਕੇ
ਜੇਲ੍ਹ ਕੋਠੜੀ ਤਕ
ਸੱਚ ਦੀ ਬਹਾਰ
ਸਮਾਨਤਾ ਦੀ ਖੁਸ਼ਬੋ ਲਈ
ਜੋ ਕਿਹਾ ਤੇ
ਲਿਖਿਆ, ਕੀਤਾ ਏ ।
ਤੂੰ ਰਿਹਾ ਏਂ
ਸਦਾ ਉਸ ਤੇ
ਨਿਧੱੜਕ
ਡੋਲ੍ਹਿਆ ਨਹੀਂ ਕਦੇ ।



ਤੂੰ ਯੋਧਾ ਏ
ਆਜ਼ਾਦੀ ਦਾ
ਲੋਕਾਂ ਦੀ ਜਾਨ
ਧਰਤੀ ਦਾ
ਸਰਵਣ ਪੁੱਤਰ ਏਂ
ਤੂੰ ਜੋ
ਜੇਲ੍ਹ ਕੋਠੜੀ ਵਿਚ ਵੀ
ਦਹਾਕਿਆਂ ਤੋਂ
ਕੀਤਾ ਏ
ਹੱਕਾਂ ਲਈ ਸੰਘਰਸ਼
ਖੜਿਆ ਏਂ
ਹਨੇਰੇ ਦੇ ਸਨਮੁੱਖ ।
ਤੇਰੀ ਸੋਚ ਅੱਜ,
ਸੀਖਾਂ ਵਿੱਚੋਂ ਲੰਘ
ਪਹੁੰਚੀ ਏ ਧਰਤੀ ਦੇ
ਕੋਨੇ ਕੋਨੇ
ਨਸਲੀ ਨਾਸੂਰਾਂ ਤੇ
ਲਾਉਂਦੀ ਮਲ੍ਹਮ !

ਤੇਰੇ ਅਰਮਾਨਾਂ ਦੇ ਫੁੱਲ
ਵੰਡਦੇ ਨੇ ਬਰਾਬਰੀ ਦੀ ਮਹਿਕ
ਕੁੜਤਣਾਂ ਭਰੇ ਮਾਹੌਲ ਵਿਚ,
ਘੋਲਦੇ ਨੇ
ਤੇਰੇ ਸਾਹਾਂ ਦੀ ਸੁਗੰਧ ।

ਤੇਰੀ ਸੋਚ ਦੇ ਬੂਟੇ
ਜਦ ਫੁੱਲ ਦੇਣਗੇ ।
ਪੂਜੇਗੀ ਲੁਕਾਈ ਤੈਨੂੰ
ਪੈਗੰਬਰਾਂ ਦੀ ਤਰ੍ਹਾਂ
ਬਦਲੇਗੀ ਨਹੀਂ ਫਿਰ
ਕੋਈ ਨਸਲੀ ਹਨੇਰੀ
ਖਿੜਦੇ ਹੋਏ ਚਮਨ ਨੂੰ

ਪਤਝੜ ਦੀ ਰੁੱਤ ਵਿਚ।
ਧਰਤੀ ਫਿਰ ਹੱਸੇਗੀ
ਨੱਚੇਗਾ ਅੰਬਰ,
ਪੰਛੀ ਵੀ ਗਾਉਣਗੇ
ਤੇਰੇ ਤਰਾਨੇ !

## ਬਰਫ਼ ਦਾ ਮਾਰੂਥਲ

ਅਰਮਾਨਾਂ ਦਾ ਜਵਾਰਭਾਟਾ
ਜਦੋਂ ਮੈਨੂੰ
ਬਰਫ਼ ਦੇ ਮਾਰੂਥਲ ਵਿਚ
ਛੱਡ ਕੇ ਵਾਪਸ
ਪਰਤਿਆ,
ਤਾਂ ਮੈਂ,
ਠੰਢ ਦੀ ਲਪੇਟ ਵਿਚ ਫਸੇ
ਪੰਛੀ ਦੀ ਤਰ੍ਹਾਂ
ਉਡਾਨ ਭਰਨ ਲਈ ਸੋਚਦਾ
ਠੁਰ-ਠੁਰ ਕਰਨ ਲੱਗਾ।

ਇੱਥੇ,
ਬਾਲੂ ਰੇਤ ਉੱਪਰ ਪੈਂਦੀਆਂ
ਸੂਰਜ ਕਿਰਨਾਂ ਦੀ
ਅਬਰਕੀ ਚਮਕ ਵਰਗਾ
ਕੁਝ ਨਜ਼ਰ ਨਹੀਂ ਪੈਂਦਾ।
ਚਾਰੇ ਪਾਸੇ
ਦਿਸਦੇ ਨੇ ਬਰਫ਼ ਦੇ ਟਿੱਬੇ !

ਨਖ਼ਲਿਸਤਾਨ ਦੇ ਕੰਢੇ
ਮਿੱਠੀਆਂ ਖਜੂਰਾਂ ਦੇ
ਗੁੱਛਿਆਂ ਦਾ



ਚਾਨਣੀ ਰਾਤ ਸਮੇਂ
ਤਾਰਿਆਂ ਸੰਗ
ਬਾਤਾਂ ਪਾਉਣ ਵਰਗਾ
ਟੋਲਿਆਂ ਵੀ ਨਹੀਂ ਮਿਲਦਾ
ਇੱਥੇ ਤਾਂ
ਬਰਫ਼ ਵਿਚ ਬਰਫ਼ ਹੋਈ
ਮਨੁੱਖੀ ਜ਼ਬਾਨ ਮਨੁੱਖਤਾ ਦਾ
ਰੰਗਾਂ ਦੀ ਬੋਲੀ ਵਿਚ
ਅਰਥ ਕਰਦੀ ਏ।

ਘੁੱਗੀਆਂ ਦੀ ਗੁਟਕਣ,
ਮੋਰਾਂ ਦੀਆਂ ਪੈਲਾਂ ਤਾਂ
ਦੂਰ ਰਹਿ ਗਈਆਂ ਨੇ,
ਖਿੜਦੇ ਫੁੱਲ ਵੀ
ਮਹਿਕ ਦੇ ਪਰਾਗੇ
ਬਰਫ਼ ਦੀ ਝੋਲੀ ਪਾ
ਮਹਿਕ ਵਿਹੂਣੇ
ਗਏ ਨੇ ਹੋ !
ਗੁਲਾਬ ਦੀ ਪਰਖ
ਕੌਣ ਕਰਦਾ ਏ ?
ਬਰਫ਼ ਦੀ ਬੁੱਕਲ ਨੇ
ਸੁੰਘਣ ਇੰਦਰੀਆਂ ਤਾਂ
ਸੁੰਨ ਕਰ ਦਿੱਤੀਆਂ ਨੇ !

ਮੈਂ ਤਾਂ ਅੱਜ ਵੀ,
ਤੱਤੇ ਗੁੜ ਦੀ
ਮਹਿਕ ਵਰਗੀ
ਹਵਾ 'ਚੋਂ ਸੁਗੰਧ
ਟੋਲਦਾ ਹਾਂ !
ਪਰ ਜਦੋਂ,
ਸਰ੍ਹੋਂ ਦੇ ਫੁੱਲਾਂ ਦੇ
ਕਣਕ ਦੀਆਂ
ਬੱਲੀਆਂ ਸੰਗ

ਕੀਤੇ ਕੌਲ
ਯਾਦ ਆਉਂਦੇ ਨੇ,
ਤਾਂ ਕੁਝ
ਪੋਲ੍ਹੀ ਦੇ
ਕੰਡਿਆਂ ਵਰਗਾ
ਯਾਦਾਂ ਦੇ
ਕੋਮਲ ਪਿੰਡੇ ਨੂੰ
ਝਰੀਟ ਦਿੰਦਾ ਏ !

ਉਦੋਂ ਮੈਂ,
ਬਰਫ਼ ਦੇ ਟਿੱਬੇ ਤੇ ਖੜਾ,
ਸੰਜੀਦਗੀ ਭਰੇ
ਪਲਾਂ ਵਿਚ
ਖੌਲ੍ਹਦੇ ਖ਼ਾਬਾਂ ਦੇ
ਤਿੜਕਦੇ ਆਕਾਰਾਂ ਨੂੰ
ਤਕਦਾ ਹੋਇਆ
ਸੋਚਦਾ ਹਾਂ ਕਿ :

ਅਰਮਾਨਾਂ ਦਾ ਬੂਟਾ
ਬਰਫ਼ ਦੇ ਮਾਰੂਥਲ ਵਿਚ
ਸਿਟਿਆਂ ਦਾ ਤਾਜ
ਕਿਵੇਂ ਪਹਿਨ
ਸਕਦਾ ਏ ?
ਇੱਥੇ ਤਾਂ,
ਭਾਂਬੜ ਵਰਗੇ
ਵਲਵਲੇ ਵੀ
ਬਰਫ਼ ਵਰਗੇ ਹੀ
ਬਣ ਗਏ ਦਿਸਦੇ ਨੇ !





## ਪੰਜ ਗ਼ਜ਼ਲਾਂ

### —ਇੱਕ—

ਖੱਖਰ ਛੇੜ ਨਿਮੋਹੀਆ ਨਾ ਤੂੰ ਦੁੱਖਾਂ ਦਾ ।
ਕਤਲ ਪੰਖੇਰੂ ਕੀਤਾ ਮੇਰਿਆਂ ਸੁੱਖਾਂ ਦਾ ।

ਜਿਉਂ ਟਿੱਬੇ 'ਚੋਂ ਰੇਤ ਦੇ ਜ਼ੱਰੇ ਉਡਦੇ ਨੇ,
ਭਰ ਮੇਲੇ ਵਿਚ ਹੋਇਆ ਹਾਲ ਮਾਨੁੱਖਾਂ ਦਾ ।

ਪੱਤਝੜ ਵੇਲੇ ਪੰਛੀ ਭੁੱਖੇ ਪਰਤਣਗੇ,
ਇਹ ਮੌਸਮ ਦਾ ਦੋਸ਼, ਨਹੀਂ ਹੈ ਰੁੱਖਾਂ ਦਾ ।

ਜਿਉਂ ਹੋਵੇ, ਸੱਨਾਟਾ, ਬਾਰਸ਼ ਤੋਂ ਪਹਿਲਾਂ,
ਅਰਥ, ਉਨ੍ਹਾਂ ਦੀਆਂ, ਜਾਪੇ ਮੈਨੂੰ ਚੁੱਪਾਂ ਦਾ ।

ਹਾਲ ਬਣਾਉਂਦੇ ਚੰਗਾ, ਮੰਦਾ ਬੰਦੇ ਨੂੰ,
ਕਰ ਧੰਨਵਾਦ ਤੂੰ ਰਲ ਕੇ ਸਾਰੀਆਂ ਕੁੱਖਾਂ ਦਾ ।

ਬਣ ਗਏ ਹਾਂ ਪਰਵਾਸੀ, ਛੱਡ ਕੇ ਵਤਨਾਂ ਨੂੰ,
ਵਾਪਸ ਕਿਸੇ ਨਾ ਜਾਣਾ, ਰੋਣਾ ਭੁੱਖਾਂ ਦਾ ।

### —ਦੋ—

ਜੋ ਬੁੱਕਲ ਵਿਚ ਰਹਿਣ ਪਰਾਏ ਲਗਦੇ ਨੇ ।
ਧਰਤੀ ਅੰਬਰ ਗਾਹ ਕੇ, ਆਏ ਲਗਦੇ ਨੇ ।

ਆਇਆ ਕਿਹੜਾ ਰੁੱਗ ਹੈ ਲੈ ਕੇ ਚਾਨਣ ਦਾ
ਬੁਝੇ ਹੋਏ ਦੀਵੇ ਰੁਸ਼ਨਾਏ ਲਗਦੇ ਨੇ।

ਉਸ ਮੰਦਰ ਦੀ ਚੋਖਟ ਤੇ ਮੱਥਾ ਟੇਕ ਲਵਾਂ,
ਜਿੱਥੇ ਦੀਪਕ ਉਨ੍ਹਾਂ ਜਗਾਏ ਲਗਦੇ ਨੇ।

ਬਚ ਚੱਲਿਆ ਸਾਂ ਮੱਛੀ ਵਾਂਗਰ ਕੁੰਡੀ 'ਚੋਂ,
ਪਰ, ਉਨ੍ਹਾਂ ਨੇ ਜਾਲ ਵਿਛਾਏ ਲਗਦੇ ਨੇ।

ਬਾਹਰ ਉਦਾਸੀ, ਅੰਦਰ ਕਿਣਮਿਣ ਖ਼ੁਸ਼ੀਆਂ ਦੀ,
ਨਾਟਕ, ਅੱਜ ਕਲ ਨਵੇਂ ਰਚਾਏ ਲਗਦੇ ਨੇ।

ਉਸ ਵਿਚ ਸਾਹਸ ਕਿੱਥੋਂ ਸੀਮਾਂ ਤੋੜਨ ਦਾ ?
ਬੰਧਨ ਵਿਚ ਜਜ਼ਬਾਤ ਦਬਾਏ ਲਗਦੇ ਨੇ।

ਮੈਂ ਸੂਰਜ ਥਾਂ, ਮੋਮਬੱਤੀਆਂ ਦੀ ਅੱਗ ਸੇਕਾਂ,
ਆਪੋ ਆਪਣੇ ਕਰਮ ਹੰਢਾਏ ਲਗਦੇ ਨੇ।

## —ਤਿੰਨ—

ਜੀਂਦੇ ਵੀ ਕੁਝ ਲੋਕ ਨੇ ਹੁੰਦੇ ਮਰੇ ਮਰੇ।
ਪੱਤਿਆਂ ਦੀ ਖੜਖੜ ਤੋਂ ਜਿਹੜੇ ਡਰੇ ਡਰੇ।

ਬਹੁਰੰਗਾਂ ਦੀ ਦਿੱਖ ਨੂੰ ਕਿੱਥੋਂ ਸਹਿ ਸਕਦੇ,
ਆਪਣੀ ਹੀ ਜੋ ਦਿੱਖ ਤੋਂ ਰਹਿੰਦੇ ਪਰੇ ਪਰੇ।

ਹੋਰ ਹੋਣਗੇ, ਜਿਹੜੇ ਗੱਜਦੇ, ਵਰ੍ਹਦੇ ਨਾ,
ਅਸੀਂ ਅਜੇਹੇ ਬੱਦਲ, ਜਿਹੜੇ ਵਰ੍ਹੇ ਵਰ੍ਹੇ।

ਕਿਹੜੇ ਜਨਮ 'ਚ ਸਾਥੋਂ ਇੱਡਾ ਪਾਪ ਹੋਇਆ,
ਪੁਰਵਾਈ ਵੀ ਵਗਦੀ ਸਾਥੋਂ; ਪਰੇ ਪਰੇ।

ਜਿੱਥੇ ਭਰਦੇ ਹਾਸੇ ਵਾਂਗ ਮੁਸੰਮੀਆਂ ਦੇ,
ਰਹਿੰਦੇ ਨੇ ਉਹ ਵਿਹੜੇ ਅਕਸਰ ਭਰੇ ਭਰੇ।



ਖ਼ੁਦ ਮਾਰੀ ਆਵਾਜ਼ ਉਸ ਨੇ ਦੂਰੀ ਤੋਂ,
ਲਭਦਾ ਸੀ ਮੈਂ ਫਿਰਦਾ, ਜਿਹਨੂੰ ਦਰੇ ਦਰੇ।

ਜ਼ਿੰਦਗੀ ਦਾ ਰੁੱਖ ਸੀਗਾ ਰੁੰਡ-ਮਰੁੰਡ ਜਿਹਾ,
ਉਹ ਹੋਏ ਪ੍ਰਵੇਸ਼, ਤਾਂ ਪੱਤ ਨੇ ਹਰੇ ਹਰੇ।

## —ਚਾਰ—

ਜਦ ਵੀ ਕਿਧਰੇ ਪੌਣ, ਮਹਿਕਦੀ ਵੱਗਦੀ ਹੈ।
ਯਾਰ ਮੇਰੇ ਦੇ ਵਤਨੋਂ, ਆਈ ਲੱਗਦੀ ਹੈ।

ਯਾਦ ਉਹਦੀ ਦਾ ਮੱਠਾ ਮੱਠਾ ਨਿੱਘ ਏਦਾਂ,
ਜਿਉਂ ਚੁੱਲ੍ਹੇ ਵਿਚ ਚਿਣਗ ਲਾਲ ਜਿਹੀ ਮੱਘਦੀ ਹੈ।

ਜਦ, ਇਹ ਦੁਨੀਆ ਸਭ ਨੂੰ ਮਾੜਾ ਕਹਿ ਦੇਵੇ,
ਅਸਲਪੁਣੇ ਵਿਚ ਆਪਣੇ ਨੰਗ ਹੀ ਕੱਜਦੀ ਹੈ।

ਮਹਿਫਲਾਂ ਵਿਚ ਜਿਹੜੇ ਲੋਕੀਂ ਚੁੱਪ ਰਹਿੰਦੇ
ਚੁੱਪ ਉਨ੍ਹਾਂ ਦੀ, ਹੋਰ ਹੀ ਦੁਨੀਆਂ ਲੱਭਦੀ ਹੈ।

ਕਿਹੜੇ, ਵੱਸਦੇ ਘਰ ਮੈਂ ਜਾ ਕੇ ਅਲਖ ਕਰਾਂ,
ਹਰ ਦਰ ਅੰਦਰੋਂ ਸਿਰ 'ਤੇ ਠੀਕਰ ਵੱਜਦੀ ਹੈ।

ਜੋ ਹੋਈ ਹੈ ਕੈਦ, ਅਸਾਂ ਖ਼ੁਦ ਕੱਟਣੀ ਹੈ
ਮੁਲਾਕਾਤ ਤੋਂ ਦੁਨੀਆ ਕਾਹਤੋਂ ਭੱਜਦੀ ਹੈ।

ਮੁੜ ਕੇ ਮਿਲੀਏ ਕੱਲ੍ਹ ਨੂੰ ਭਾਵੇਂ ਲੱਖ ਵਾਰੀ,
ਯਾਦ ਰਹੇਗੀ ਮਿਲਣੀ ਜਿਹੜੀ ਅੱਜ ਦੀ ਹੈ।

## —ਪੰਜ—

ਪਾ ਕੰਨਾਂ ਵਿਚ ਮੁੰਦਰਾਂ ਰੰਗਲੇ ਕੱਚ ਦੀਆਂ।
ਗੰਦਲਾਂ ਵਰਗੀਆਂ ਕੁੜੀਆਂ ਦੇਖੋ 'ਨੱਚਦੀਆਂ!

ਸ਼ਾਇਰਾਂ ਨੂੰ ਸ਼ੇਅਰਾਂ ਲਈ ਮੁਖੜੇ ਮਿਲ ਜਾਂਦੇ,
ਜਦ ਨਰਮੇਂ ਦੀਆਂ ਫੁੱਟੀਆਂ ਵਾਂਗਰ ਹੱਸਦੀਆਂ ।

ਚਿਹਰੇ ਨੇ ਖ਼ਰਬੂਜਿਆਂ ਵਰਗੇ ਗੋਲ ਜਿਹੇ,
ਅੱਖਾਂ ਜੀਕਣ ਹੋਣ ਮਸ਼ਾਲਾਂ ਮੱਚਦੀਆਂ ।

ਝਾਕਣ ਲੱਗੇ ਕੰਧਾਂ ਉਤੋਂ ਜਦ ਗੱਭਰੂ,
ਬਣ ਸ਼ਰਮਾਂ ਦੀਆਂ ਪਰੀਆਂ ਓਥੋਂ ਨੱਸਦੀਆਂ ।

ਲੱਗਦਾ ਹੈ ਕੋਈ ਕੰਨ ਵਿਚ ਫੂਕਾਂ ਮਾਰ ਗਿਆ,
ਅੱਖੀਆਂ ਹੀ ਗੱਲ ਵਿਗੜੀ ਵਿਗੜੀ ਦੱਸਦੀਆਂ ।

ਮੈਂ ਵਗਦੇ ਹੋਏ ਪਾਣੀ ਵਾਂਗਰ ਸਾਫ਼ ਜਿਹਾ,
ਜਿੱਤਾਂ ਆਖ਼ਰ ਹੋਣਗੀਆਂ ਹੀ ਸੱਚ ਦੀਆਂ ।



# ਗਿੱਲ ਮੋਰਾਂਵਾਲੀ

## ਪੰਜ ਗ਼ਜ਼ਲਾਂ

—ਇੱਕ—

ਉਸ ਦਾ ਹੁਣ ਇਤਬਾਰ ਨਹੀਂ ਹੈ ।
ਝੂਠ ਮਿਰਾ ਇਕਰਾਰ ਨਹੀਂ ਹੈ ।

ਲਾਲਚ ਸੀ ਹਰ ਗੱਲ ਵਿੱਚ ਉਸ ਦੇ,
ਉਸ ਦੇ ਦਿਲ ਸਤਿਕਾਰ ਨਹੀਂ ਹੈ ।

ਖ਼ੁਦਗਰਜ਼ੀ ਦੇ ਵਿੱਚ ਖ਼ੁਦਗਰਜ਼ਾ
ਹੁੰਦਾ ਰੀਝ ਪਿਆਰ ਨਹੀਂ ਹੈ ।

ਮੁਸ਼ਕਲ ਵੇਲੇ ਸਾਥ ਨਾ ਦੇਵੇ,
ਦੁਸ਼ਮਣ ਹੈ ਉਹ ਯਾਰ ਨਹੀਂ ਹੈ ।

ਪਰਖਣ ਭਾਵੇਂ ਰੋਜ਼ ਅਸਾਨੂੰ,
ਸਾਡੀ ਸਾਂਝ ਵਪਾਰ ਨਹੀਂ ਹੈ ।

ਦੇਖ ਕਦੇ 'ਗਿੱਲ' ਤੂੰ ਵੀ ਕਰਕੇ,
ਕੀਤਾ ਜੇ ਉਪਕਾਰ ਨਹੀਂ ਹੈ ।

—ਦੋ—

ਕੌਣ ਹੈ ਦੋਸਤ ਤੇ ਕਿਹੜਾ ਰਕੀਬ ਹੈ ।
ਹਰ ਕਿਸੇ ਦਾ ਚਿਹਰਾ ਦਿੱਸਦਾ ਅਜੀਬ ਹੈ ।

ਮੇਰਾ ਹੀ ਸਾਇਆ ਦੁਸ਼ਮਣ ਹੈ ਮੇਰਾ,
ਮੇਰਾ ਹੀ ਸਾਇਆ ਮੇਰੇ ਕਰੀਬ ਹੈ ।

ਸਭ ਜਾਣਦੇ ਨੇ ਉਹ ਕਾਤਲ ਹੈ ਵਫ਼ਾ ਦਾ,
ਮੈਂ ਕਿਵੇਂ ਕਹਾਂ ਉਹ ਮੇਰਾ ਹਬੀਬ ਹੈ

ਉਹ ਕਿਸੇ ਨੂੰ ਤੇ ਮੈਂ ਸਜਦਾ ਕਰਾਂ ਉਸ ਨੂੰ,
ਉਹ ਉਸ ਦਾ ਤੇ ਇਹੋ ਮੇਰਾ ਨਸੀਬ ਹੈ ।

ਨੂਰ ਇਕ ਤੋਂ ਹੀ ਸਾਰਾ ਜਹਾਨ ਬਣਿਆ,
ਰੰਗ ਤੇ ਨਸਲ ਦਾ ਮਸਲਾ ਅਜੀਬ ਹੈ ।

ਇਹ ਜਾਣਦਿਆਂ ਵੀ ਮੈਂ ਇਸ਼ਕ ਅਪਣਾ ਲਿਆ,
ਕਿ ਆਸ਼ਕ ਨੂੰ ਯਾਰੋ ਮਿਲਦੀ ਸਲੀਬ ਹੈ ।

## —ਤਿੰਨ—

ਜ਼ਿੰਦਗੀ ਹੈ ਮੇਰੀ ਹੁਣ ਦੋ ਘੜੀ ।
ਅਪਣੇ ਹੀ ਗ਼ਮ ਵਿੱਚ ਸੁਲਘੀ ਸੜੀ ।

ਰੱਖ ਕੇ ਜੀਭ ਉੱਤੇ ਅੰਗਾਰ ਨੂੰ,
ਚੌਰਾਹੇ ਵਿੱਚ ਹੈ ਮੁਹੱਬਤ ਖੜੀ ।

ਟੁਕੜੇ ਟੁਕੜੇ ਹਾਏ ਹੋ ਗਈ,
ਸਾਡੀ ਰਲ ਕੇ ਬੈਠਣ ਦੀ ਘੜੀ ।

ਮੌਤ ਪਿੱਛੋਂ ਨਾਲ ਸੜੇਗੀ ਮਿਰੇ,
ਤਸਵੀਰ ਉਦ੍ਹੀ ਦਿਲ ਅੰਦਰ ਜੜੀ ।

ਰੋਜ਼ ਗੁਜ਼ਰਨਾ ਹੈ ਉਸ ਨੇ ਜਿੱਥੋਂ,
ਉਸ ਹੀ ਤਰਫ਼ ਬਣੇ ਮੇਰੀ ਮੜ੍ਹੀ ।

ਜੀ ਨਹੀਂ ਲਗਦਾ ਉਸ ਦੇ ਬਿਨਾਂ,
ਮੌਤ ਅਸਾਂ ਨੂੰ ਦਿੱਸਦੀ ਹਰ ਘੜੀ ।



## —ਚਾਰ—

ਦਿਨ ਮੈਨੂੰ ਬਹੁਤ ਪਿਆਰੇ ਨੇ ।
ਜੋ ਤੇਰੇ ਨਾਲ ਗੁਜ਼ਾਰੇ ਨੇ ।

ਉਹ ਮੰਜ਼ਿਲ ਹੀ ਤਾਂ ਦਿੱਸਦੀ ਹੈ,
ਜਿੱਥੋਂ ਹੁੰਦੇ ਰੋਜ਼ ਇਸ਼ਾਰੇ ਨੇ ।

ਇੱਕ ਤੂੰ ਹੀ ਧੋਖੇਬਾਜ਼ ਨਹੀਂ,
ਮਤਲਬ ਦੇ ਸਾਥੀ ਸਾਰੇ ਨੇ ।

ਨਿੱਤ ਮਰ ਕੇ ਜ਼ਿੰਦਾ ਹੋ ਜਾਵੇ,
ਆਸ਼ਕ ਦੇ ਖੇਲ੍ਹ ਨਿਆਰੇ ਨੇ ।

'ਗਿੱਲ' ਉਸ ਦਾ ਬਹੁਤ ਸਹਾਰਾ ਹੈ,
ਜੋ ਤਾਨ੍ਹੇ ਮਿਹਣੇ ਮਾਰੇ ਨੇ ।

## —ਪੰਜ—

ਦੂਰ ਖੜੀ ਸ਼ਰਮਾਂਦੀ ਹੈ ।
ਆਂਦੀ ਹੈ ਨਾ ਜਾਂਦੀ ਹੈ ।

ਉਸਦੀ ਹੀ ਇਹ ਦੂਰੀ ਹੁਣ,
ਸਾਡਾ ਸਾਹ ਘਟਾਂਦੀ ਹੈ ।

ਯਾਰੋ ਨਾ ਇਤਬਾਰ ਕਰੋ,
ਜਿਹੜੀ ਭੇਦ ਛੁਪਾਂਦੀ ਹੈ ।

ਸਾਨੂੰ ਜੰਗ ਤਬਾਹੀ ਹੈ,
ਉਸਨੂੰ ਸੋਨਾ ਚਾਂਦੀ ਹੈ ।

ਰੋਸ ਗਿਲਾ ਨਾ ਕੋਈ ਵੀ,
ਰੁੱਸਦੀ ਤੇ ਮੰਨ ਜਾਂਦੀ ਹੈ ।

'ਗਿੱਲ ਦੀ ਖ਼ਾਤਰ ਮਰ ਮਰ ਕੇ
ਜੀਣ ਨੂੰ ਵੱਡਿਆਂਦੀ ਹੈ ।

## ਨਰਿੰਦਰ ਬਾਈਆ ਅਰਸ਼ੀ

### ਮਾਂ

ਬਣ ਕੇ ਫਰਿਸ਼ਤਾ ਰੱਬ ਦਾ, ਆਈ ਹੈ ਜੱਗ ਤੇ ਮਾਂ ।
ਘੱਲਿਆ ਹੈ ਮਾਂ ਨੂੰ ਰੱਬ ਨੇ, ਧਰਤੀ ਤੇ ਆਪਣੀ ਥਾਂ ।

ਮਾਂ ਬੱਚਿਆਂ ਲਈ ਜੱਗ ਤੇ, ਇਕ ਰੂਪ ਹੈ ਖ਼ੁਦਾ ਦਾ ।
ਮਾਂ ਹੈ ਨੂਰ ਇਕ ਅਲਾਹੀ, ਮਾਂ ਨਾਮ ਸਫਲਤਾ ਦਾ ।
ਮਾਂ ਬਿਰਛ ਹੈ ਉਹ ਪਿਆਰਾ, ਮਿੱਠੀ ਜਿਸ ਦੀ ਛਾਂ...

ਮਾਵਾਂ ਦਾ ਰਿਸ਼ਤਾ ਸੱਚਾ, ਬੇ-ਹੱਦ ਬੇ-ਮਿਸਾਲ ।
ਮਾਵਾਂ ਦਾ ਪਿਆਰ ਸੁਥਰਾ, ਅਣਮੁੱਲਾ ਤੇ ਵਿਸ਼ਾਲ ।
ਪਵਿਤਰ ਹੈ ਪਿਆਰ ਮਾਂ ਦਾ, ਇੱਕ ਗੰਗਾ-ਜਲ ਹੈ ਮਾਂ...

ਜਿੰਦ ਕਰਦੀਆਂ ਨਿਛਾਵਰ, ਨੇ ਮਾਵਾਂ ਸੰਤਾਨ ਤੋਂ ।
ਸਦਾ ਰਖਦੀਆਂ ਪਿਆਰੇ, ਬੱਚਿਆਂ ਨੂੰ ਜਾਨ ਤੋਂ ।
ਮੋਹ ਪਿਆਰ ਦਾ ਭੰਡਾਰਾ, ਦਿਲ ਮਾਂ ਦਾ ਮੇਹਰਬਾਂ ..

ਔਲਾਦ ਮਾਂ ਦੀ ਜ਼ਿੰਦਗੀ, ਔਲਾਦ ਮਾਂ ਦਾ ਤਨ ਮਨ ।
ਔਲਾਦ ਦੇ ਹੀ ਦਮ ਨਾਲ, ਚਲਦੀ ਮਾਂ ਦੀ ਧੜਕਨ ।
ਔਲਾਦ ਮਾਂ ਦੀ ਆਰਜ਼ੂ, ਦੌਲਤ ਮਹਿਲ ਦੀ ਥਾਂ...

### ਲੀਡਰ

ਜੋ ਗਿਰਗਟ ਦੇ ਵਾਂਗੂ ਬਦਲਦਾ ਰਹੇ ।
ਉਸ ਨੂੰ ਹੀ ਦੁਨੀਆ ਲੀਡਰ ਕਹੇ ।



ਜੋ ਪਾਵੇ ਜ਼ਮਾਨੇ ਦੀਆਂ ਅੱਖਾਂ 'ਚ ਘੱਟਾ,
ਜੋ ਚੰਦੇ ਦਾ ਪੈਸਾ ਨਿਗਲਦਾ ਰਹੇ ।

ਜੋ ਦਿਲ ਵੇਲੇ ਅਮਨਾਂ ਦੇ ਨਾਟਕ ਰਚੇ,
ਜੋ ਰਾਤਾਂ ਨੂੰ ਗਰਦਨ ਕਤਲਦਾ ਰਹੇ ।

ਜੋ ਝੂਠੀ ਹੀ ਚਤਰਾਈ ਡਟ ਕੇ ਕਰੇ,
ਜੋ ਹਰ ਮੋੜ ਰਸਤਾ ਬਦਲਦਾ ਰਹੇ ।

ਜੋ ਮੁੱਖ ਮੂਹਰੇ ਹਮਦਰਦ ਬਣ ਕੇ ਬਹੇ,
ਜੋ ਪਿੱਠ ਪਿੱਛੇ ਜ਼ਹਿਰ ਉਗਲਦਾ ਰਹੇ ।

ਜੋ ਰਖਵਾਲਾ ਬਣ ਕੇ ਵੀ ਲੁੱਟੇ ਜਹਾਨ,
ਜੋ ਨਾਜ਼ੁਕ ਦਿਲਾਂ ਨੂੰ ਕੁਚਲਦਾ ਰਹੇ ।

ਜੋ ਬਣ ਬਣ ਕੇ ਮਾਲੀ ਉਜਾੜੇ ਚਮਨ,
ਜੋ ਕੋਮਲ ਫੁੱਲਾਂ ਨੂੰ ਮਸਲਦਾ ਰਹੇ ।

### ਪਰਿੰਦਾ

ਹੁੰਦਾ ਜੇ ਮੈਂ ਵੀ ਕੋਈ ਪੰਛੀ ਪਰਿੰਦਾ ।
ਬਾਗਾਂ ਦੀ ਗੋਦੀ ਦਾ ਬਣਦਾ ਬਸ਼ਿੰਦਾ ।

ਖੁਸ਼ਹਾਲੀ ਕਰਦੀ ਮੇਰੇ ਸੰਗ ਬਸੇਰਾ,
ਬਗੀਚਿਆਂ, ਫੁਲਵਾੜੀਆਂ ਵਿਚ ਰਹਿੰਦਾ ।

ਫੁੱਲਾਂ ਦੇ ਜੋਬਣ ਦੀ ਸੁੰਘਦਾ ਸੁਗੰਧੀ,
ਹਰਿਆਲੇ ਰੁੱਖਾਂ ਤੇ ਉੱਡ ਉੱਡ ਬਹਿੰਦਾ ।

ਸਿਖਰ ਦੁਪਹਿਰੇ ਮੈਂ ਉੱਡਦਾ ਆਕਾਸ਼ੀਂ,
ਸੁਬ੍ਹਾ-ਸ਼ਾਮ ਪਰਬਤ ਦੀ ਟੀਸੀ ਤੇ ਬਹਿੰਦਾ ।

ਪੋਹ ਮਾਘ ਰੁੱਤੇ ਮੈਂ ਮਸਤਾਨਾ ਹੋ ਕੇ,
ਠੰਡੀਆਂ ਤੇ ਸਰਦ ਹਵਾਵਾਂ 'ਚ ਖਹਿੰਦਾ ।

ਕਰਦਾ ਸਦਾ ਹੀ ਮੈਂ ਮਨਮਾਨੀ ਆਪਣੀ,
ਖੂਹਾਂ ਤੇ ਖੇਤਾਂ 'ਚ ਆਜ਼ਾਦ ਰਹਿੰਦਾ।

## ਗ਼ਜ਼ਲ

ਨਵੇਂ ਰੋਜ਼ ਨਵੀਆਂ ਮਿਲਣ ਮੁਸ਼ਕਲਾਂ।
ਜੀਵਨ ਨੂੰ ਸੌਖਾ ਨਹੀਂ ਸਮਝਣਾ।

ਗਰੀਬਾਂ ਦੀ ਕੌਣ ਸੁਣੇਗਾ ਇਲਤਿਜਾ,
ਹਾਕਮ ਹੈ ਛਲੀਆ ਛਕੇ ਰਿਸ਼ਵਤਾਂ।

ਹਨੇਰੀ ਦਾ ਉਸ ਨੂੰ ਹੀ ਅਹਿਸਾਸ ਹੈ,
ਜਿਸ ਦਾ ਵੀ ਹੈ ਉੱਡ ਗਿਆ ਆਲ੍ਹਣਾ।

ਉਸ ਨੂੰ ਹੀ ਮੰਜ਼ਲ ਮਿਲੇ ਆਣ ਕੇ,
ਔਕੜਾਂ ਦਾ ਜੋ ਵੀ ਕਰੇ ਸਾਹਮਣਾ।

ਚੁੱਪ ਚਾਪ ਬੈਠਾ, ਹੈ ਮਜ਼ਲੂਮ ਪਰ,
ਅੱਖਾਂ 'ਚ ਅੱਥਰੂ ਬਣੇ ਨੇ ਜ਼ੁਬਾਂ।

ਬਣ ਹੀ ਨਹੀਂ ਸਕਦਾ ਜੰਨਤ ਕਦੇ,
ਜਿਸ ਘਰ ਦੇ ਵਿਚ ਵੱਸਣ ਸੌਂਕਣਾਂ।

ਜੀਵਨ ਦੇ ਪਥ ਤੇ ਤੁਰਨ ਵਾਲਿਆ,
ਲਾਚਾਰਾਂ ਦੇ ਅਰਮਾਨ ਮਤ ਕੁਚਲਣਾ।

## ਗੀਤ

ਪੀ ਮੇਰੇ ਦਿੱਲ ਬੇ-ਹਿਸਾਬ ਪੀ।
ਜੇ ਗ਼ਮ ਨੂੰ ਮਿਟਾਣੈ ਸ਼ਰਾਬ ਪੀ।



ਇਹ ਦਿੱਲ 'ਚ ਦੇਵੇਗੀ ਠੰਢਕਾਂ ਪਾ,
ਇਹ ਧੁਖਦੇ ਗ਼ਮਾਂ ਨੂੰ ਦੇਵੇਗੀ ਬੁਝਾ।
ਇਹ ਪਰਖੀ ਜਾਚੀ ਹਕੀਮਾਂ ਦੀ ਸ਼ੈ,
ਇਹ ਦੁੱਖ ਦਰਦ ਸਾਰੇ ਦਿੰਦੀ ਹਟਾ।
ਪੀ ਮੇਰੇ ਦਿੱਲ ਬੇ ਹਿਸਾਬ ਪੀ,
ਜੇ ਗ਼ਮ ਨੂੰ ਮਿਟਾਉਣਾ ਸ਼ਰਾਬ ਪੀ...

ਸਾਕੀ ਦੀ ਮਰਜ਼ੀ ਨਾ ਹੋ ਕੇ ਰਜ਼ਾ,
ਹੋਠੀਂ ਛਲਕਦੇ ਪੈਮਾਨੇ ਲਗਾ।
ਹਾਦਸੇ ਘਟਨਾਵਾਂ ਭੁੱਲ ਜਾਣਗੇ,
ਮਿਟ ਜਾਵੇਗਾ ਤੇਰਾ ਸ਼ਿਕਵਾ ਗਿਲਾ।
ਪੀ ਮੇਰੇ ਦਿੱਲ ਬੇਹਿਸਾਬ ਪੀ.
ਜੇ ਗ਼ਮ ਨੂੰ ਮਿਟਾਣੈ ਸ਼ਰਾਬ ਪੀ...

ਰਿੰਦਾਂ ਦਾ ਹੈ ਇਹ ਨਜ਼ਾਰਾ ਮਜ਼ਾ,
ਆਸ਼ਿਕਾਂ ਸ਼ਾਇਰਾਂ ਦੀ ਦਿੱਲ-ਰੁਬਾ।
ਬੁੱਝਿਆਂ ਦਿਲਾਂ ਦਾ ਦਿਲਾਸਾ ਦਲੇਰੀ,
ਮਾਯੂਸ ਲੋਕਾਂ ਦੀ ਹੈ ਇਹ ਦਵਾ।
ਪੀ ਮੇਰੇ ਦਿਲ ਬੇ ਹਿਸਾਬ ਪੀ,
ਜੇ ਗ਼ਮ ਨੂੰ ਮਿਟਾਣੈ ਸ਼ਰਾਬ ਪੀ...

ਪੀ ਇਸ ਨੂੰ ਕੋਈ ਰਹੇ ਨਾ ਪਿਆਸਾ,
ਪੀ ਇਸ ਨੂੰ ਆਸ਼ਾ 'ਚ ਬਦਲੇ ਨਿਰਾਸ਼ਾ।
ਹਰ ਦੇਸ਼ ਮੁਲਖ ਚ ਮਸ਼ਹੂਰੀ ਇਸ ਦੀ,
ਹਰ ਸ਼ਹਿਰ ਨਗਰ 'ਚ ਹੈ ਇਸਦਾ ਵਾਸਾ।
ਪੀ ਮੇਰੇ ਦਿੱਲ ਬੇ ਹਿਸਾਬ ਪੀ,
ਜੇ ਗ਼ਮ ਨੂੰ ਮਿਟਾਣੈ ਸ਼ਰਾਬ ਪੀ...

## ਅਮਰ ਸਿੰਘ ਬੈਨੀਪਾਲ

### ਗ਼ਜ਼ਲ

ਮਜ਼੍ਹਬ ਤੇ ਏਤਬਾਰ ਕਰ ਬੈਠੇ।
ਜ਼ਿੰਦਗੀ ਖ਼ਾਰ ਖ਼ਾਰ ਕਰ ਬੈਠੇ।

ਐਵੇਂ ਭੁੱਲ ਕੇ ਖਿਜ਼ਾਂ ਨੂੰ ਗਲ ਲਾਇਆ,
ਖੇਰੂੰ ਖੇਰੂੰ ਬਹਾਰ ਕਰ ਬੈਠੇ।

ਸੱਚ ਕੌੜਾ ਸਮਝ ਕੇ ਥੁੱਕ ਦਿੱਤਾ,
ਕੁਫ਼ਰ ਤੇ ਜੀਅ ਨਿਸਾਰ ਕਰ ਬੈਠੇ।

ਕਿਹਾ ਸੋਹਣਾ ਫਰੇਬ ਖਾਧਾ ਏ,
ਕੋਹੜ ਜਿੰਦ ਦਾ ਸ਼ਿੰਗਾਰ ਕਰ ਬੈਠੇ।

ਦੋਸਤਾਂ ਦੁਸ਼ਮਣਾਂ ਦੇ ਟੇਟੇ ਚੜ੍ਹ,
ਹਾਏ ਗ਼ਜ਼ਬ ਯਾਰ-ਮਾਰ ਕਰ ਬੈਠੇ।

### ਗ਼ਜ਼ਲ

ਵੱਡਿਆ ਰਾਹੀਆ! ਤੂੰ ਕਿਹੜੇ ਰਾਹ ਵਿਛਾ ਕੇ ਤੁਰ ਪਿਐਂ।
ਮੰਜ਼ਿਲਾਂ ਦੇ ਸੱਪ ਬਣਾ ਕੇ ਗਲ 'ਚ ਪਾ ਕੇ ਤੁਰ ਪਿਐਂ।

ਤੂੰ ਨਵਾਂ ਮਨਸੂਰ ਬਣਨੇ ਜਾ ਰਿਹੈਂ ਜੰਮ ਜੰਮ ਕੇ ਬਣ,
ਤੂੰ ਤਾਂ ਉਲਟਾ ਘਰਦਿਆਂ ਨੂੰ ਸੂਲੀ ਚੜ੍ਹਾ ਕੇ ਤੁਰ ਪਿਐਂ।



ਪੱਗ ਰੋਲੀ ਨੂਰ ਪਾਇਆ ਖੇਹ ਉਡਾਈ ਜਿਨ੍ਹਾਂ ਨੇ,
ਉਨ੍ਹਾਂ ਨੂੰ ਹੀ ਕਮਲਿਆ! ਸਿਰ ਤੇ ਬਿਠਾ ਕੇ ਤੁਰ ਪਿਐਂ।

ਇਉਂ ਕਦੇ ਭਖਦੇ ਨੇ ਪਿੰਡੇ ਸਿਆਲ ਦੇ ਠੱਕੇ ਸਮੇਂ,
ਤੂੰ ਤਾਂ ਬੁੱਕਲ ਵਿਚ ਹੀ ਭਾਂਬੜ ਮਚਾ ਕੇ ਤੁਰ ਪਿਐਂ।

ਜਿਨ੍ਹਾਂ ਦੇ ਡੰਗੇ ਹੋਏ ਹੁਣ ਤੀਕ ਫਿਰਦੇ ਤੜਫਦੇ,
ਉਨ੍ਹਾਂ ਹੀ ਨਾਗਾਂ ਦੇ ਗਲ ਵਿਚ ਹਾਰ ਪਾ ਕੇ ਤੁਰ ਪਿਐਂ।

ਜਿਹੜੀ ਅੱਗ ਨੇ ਜਿੰਦ ਨੂੰ ਨਾ ਜਾਲਿਆ ਨਾ ਛੱਡਿਆ,
ਉਹੀਓ ਜ਼ਹਿਰੀ ਅੱਗ ਤੂੰ ਬਲ੍ਹਾਂ ਨੂੰ ਲਾ ਕੇ ਤੁਰ ਪਿਐਂ।

ਜਿਸ ਕਹਿਰ ਨੇ ਪੀਹੜੀਆਂ ਦੀਆਂ ਪੀਹੜੀਆਂ ਹਨ ਗਾਲੀਆਂ,
ਸਮਝ ਵੱਟਣਾ ਜ਼ਹਿਰ ਦੇ ਪੋਚੇ ਚੜ੍ਹਾ ਕਿ ਤੁਰ ਪਿਐਂ।

### ਨੀਂਦ

ਰਾਤੀਂ ਤਾਂ ਪੈਂਦਿਆਂ ਹੀ ਝੱਟ ਨੀਂਦ ਆ ਗਈ ਸੀ।
ਇੱਕ ਜਾਮ ਬੇਖ਼ੁਦੀ ਦਾ ਆ ਕੇ ਪਿਲਾ ਗਈ ਸੀ।

ਚੁੱਪ ਚਾਪ ਮੇਰਾ ਮੈਥੋਂ ਆਪਾ ਖਿਸਕ ਗਿਆ ਸੀ,
ਖ਼ਬਰੇ ਕੀ ਓਸ ਨੂੰ ਐਸੀ ਪੱਟੀ ਪੜ੍ਹਾ ਗਈ ਸੀ।

ਨਾ ਔਣ ਦਾ ਪਤਾ ਕੁੱਝ, ਨਾ ਜਾਣ ਦੀ ਖ਼ਬਰ ਹੈ,
ਆ ਕੇ ਚਲੀ ਗਈ ਕਦ, ਕਦ ਕੋਲ ਆ ਗਈ ਸੀ।

ਨਾ ਪੁਛਿਆ, ਨਾ ਦੱਸਿਆ ਅਪਣਾ ਪਤਾ ਠਿਕਾਣਾ,
ਕਿਉਂ ਆ ਕੇ ਟੁਰ ਗਈ ਸੀ ਕਿਉਂ ਫੇਰ ਆ ਗਈ ਸੀ।

ਏਨਾ ਕੁ ਹੀ ਪਤਾ ਹੈ ਜ਼ਿਆਦਾ ਖ਼ਬਰ ਨਹੀਂ ਕੁੱਝ,
ਬਿਨ ਆਖੇ ਪੁੱਛੇ ਮੈਨੂੰ ਬਿਸਤਰ 'ਚ ਪਾ ਗਈ ਸੀ।

ਆਈ ਸੀ ਕੀ ਕਰਨ ਉਹ ਮੈਨੂੰ ਖ਼ਬਰ ਨਹੀਂ ਹੈ,
ਆਈ ਸੁਲਾ ਗਈ ਸੀ, ਜਾਂਦੀ ਜਗਾ ਗਈ ਸੀ।

ਮੇਰਾ ਤੇ ਇਹਦਾ ਨਾਤਾ ਕੀ ਐ ਇਹ ਸੋਚਦਾ ਹਾਂ,
ਮਦਹੋਸ਼ੀਆਂ ਦਾ ਜਾਮ ਕਿਉਂ ਬੁਲ੍ਹਾਂ ਨੂੰ ਲਾ ਗਈ ਸੀ।

ਨਾ ਚੁੰਮਣਾ, ਨਾ ਛੂਹ ਕੋਈ, ਨਾ ਗੱਲ ਹੋਈ ਰਾਤ ਭਰ,
ਹੁਣ ਸੋਚਦਾ ਹਾਂ ਕੇਹਾ ਜਾਦੂ ਚੜ੍ਹਾ ਗਈ ਸੀ।

ਕਈ ਵਾਰ ਉਸ ਨੂੰ ਸੱਦਿਆ ਏਹ ਕਹਿ ਕੇ ਟਾਲ਼ ਦਿੱਤਾ,
ਕੀ ਦਿਨ 'ਚ ਤੂੰ ਕਰੌਣਾ ਮੈਂ ਰਾਤ ਆ ਗਈ ਸੀ।

ਹੁਣ ਜਦ ਨਹੀਂ ਇਹ ਔਂਦੀ ਤਾਂ ਅੱਖ ਨਹੀਂ ਲਗਦੀ,
ਕੀ ਕਰ ਗਈ ਇਹ ਮੈਨੂੰ, ਕੀ ਸਿਰ 'ਚ ਪਾ ਗਈ ਸੀ।

## ਸੂਲੀ

ਭਾਰੇ ਕੰਮ ਦੇ ਖੁੰਢੇ ਨਸ਼ਤਰ
ਟਕੂਏ ਅਤੇ ਕਟਾਰਾਂ
ਟੁਕਦੇ ਰਹਿੰਦੇ ਜਾਨ ਮੇਰੀ ਨੂੰ

ਸਾਰਾ ਦਿਨ ਤੇ ਰਾਤ ਅੱਧੀ ਤੱਕ
ਕੰਮ ਦੇ ਛਾਂਟੇ ਸਹਿੰਦਾ ਸਹਿੰਦਾ
ਥੱਕਿਆ ਟੁੱਟਿਆ
ਆਣ ਡਿੱਗਾ ਬਿਸਤਰ ਤੇ ਯਾਰੋ

ਰਾਤ ਦਾ ਤੀਜਾ ਪਹਿਰ ਸੀ ਹੋ ਗਿਆ
ਸਿਰ ਛੁਪਾਇਆ ਕੁੱਝ ਪਲਾਂ ਲਈ ਦੁਸ਼ਮਣਾਂ ਤੋਂ
ਨ੍ਹੇਰ ਦੀ ਬੁੱਕਲ 'ਚ ਵੜ ਕੇ ਰਾਤ ਦੇ ਗਲ ਲੱਗ ਕੇ
ਅੱਤ ਦਾ ਥਕੇਵਾਂ ਘੁੱਟ ਕੇ
ਜਿਸਮ ਦੀ ਬੁੱਕਲ ਦੇ ਵਿੱਚ ਛਹਿ



ਨੀਂਦ ਆਈ ਸੌਂ ਗਿਆ,
ਅਹਿੱਲ ਇੱਕ ਮੁਰਦੇ ਦੇ ਵਾਂਗ

ਪੌਣੇ ਪੰਜ ਤਾਂ ਵੱਜ ਗਏ ਹਨ ਸੁਬ੍ਹਾ ਦੇ
ਅਲਾਰਮ ਦੀ ਤਿੱਖੀ 'ਵਾਜ ਨੇ
ਅਣ-ਗਿਣਤ ਸੂਈਆਂ ਚੋਭੀਆਂ
ਝੰਜੋੜਿਆ, ਮੈਨੂੰ ਜਗਾਇਆ

ਉਠਿਆ, ਉਠਣਾ ਪਿਆ
ਅੱਖਾਂ ਚਿ ਰੋੜਾਂ ਵਾਂਗ ਰੜਕਦੀ
ਨੀਂਦਰ ਦੇ ਬੁੱਕ ਲੈ ਕੇ
ਜਿਸਮ ਦੇ ਹਰ ਅੰਗ ਵਿੱਚ ਮੈਂ
ਕੋਹੜ ਜਿਹੀ ਤਕਲੀਫ ਦਾ ਇਕ ਦਰਦ ਲੈ ਕੇ
ਜਾਗਿਆ ਸੁੱਤਿਆਂ ਦੇ ਵਾਂਗ

ਜ਼ਹਿਰ ਦਾ ਘੁੱਟ
ਮੀਟ ਅੱਖਾਂ ਪੀ ਲਿਆ
ਇੱਕ ਜਿਉਂਦੀ ਲਾਸ਼ ਜਿਉਂ

ਪਹਿਲਾਂ ਨਾਲੋਂ ਕੁੱਝ ਘਟੀ
ਤੇ ਕੁੱਝ ਬੋਝਲ
ਪੰਡ ਥਕੇਵੇਂ ਦੀ, ਸਿਰ ਤੇ ਚੁੱਕ ਕੇ
ਟੁਰ ਪਏ ਮੇਰੇ ਕਦਮ, ਮੇਰਾ ਬਦਨ
ਜਾਣਾ ਹੁੰਦੈ ਜਿੱਦਾਂ ਸੂਲੀ ਚੜ੍ਹਨ ਲਈ।

## ਨਰਿੰਦਰ ਭਾਗੀ ਬਰਹਮ

### ਅਹਿਸਾਸ

ਨਾ ਬਦਲੋਂ ਮੇਰੀ ਜ਼ਿੰਦਗੀ ਹਰ ਸਵੇਰੇ।
ਕਿਸੇ ਮੈਂ ਕਹਾਣੀ ਦਾ ਪਾਤਰ ਨਹੀਂ ਹਾਂ।
ਮਿਰੇ ਵਿੱਚ ਲੱਖਾਂ ਸੁਨੇਹੇ ਨੇ ਕੱਲ੍ਹ ਦੇ,
ਕਿਸੇ ਅੱਜ ਦਾ ਹੀ ਮੈਂ ਆਖ਼ਿਰ ਨਹੀਂ ਹਾਂ।

ਜੋ ਜਨਮਾਂ ਤੋਂ ਅਕਲਾਂ 'ਤੇ ਭਾਰੂ ਨੇ ਹੋਏ,
ਉਨ੍ਹਾਂ ਨ੍ਹੇਰਿਆਂ 'ਚੋਂ ਮੈਂ ਬਾਹਰ ਨਹੀਂ ਹਾਂ!
ਚੜ੍ਹਾਵੇ ਨਾ ਦੇਹ ਮੈਨੂੰ ਸ਼ੁਹਰਤ ਦੇ ਦੁਨੀਆਂ,
ਤਿਰੇ ਮੰਦਰਾਂ ਦਾ ਮੈਂ ਠਾਕਰ ਨਹੀਂ ਹਾਂ!

ਮੈਂ ਤੇਰੇ ਉਹਨਾਂ ਬੰਦਿਆਂ 'ਚੋਂ ਨਹੀਂ ਹਾਂ,
ਜੋ ਸ਼ੈਤਾਨ ਹੋ ਕੇ ਵੀ ਮਾਨਵ ਕਹਾਏ।
ਜਿਨ੍ਹਾਂ ਬਣ ਕੇ ਮਾਲਿਕ ਮੁਕੱਦਰ ਖ਼ਰੀਦੇ,
ਹਰਿਕ ਮੱਥੇ ਠੱਪੇ ਗ਼ਰੀਬੀ ਦੇ ਲਾਏ।
ਵਤਨ ਵੇਚ ਕੇ ਵੀ ਸ਼ਹੀਦਾਂ 'ਚ ਸ਼ਾਮਿਲ,
ਜੋ ਮੰਦਰ ਨੂੰ ਲੁੱਟ ਕੇ ਵੀ ਦਾਨੀ ਕਹਾਏ।

ਜ਼ਮਾਨੇ! ਮੇਰੇ ਬਾਗ਼ੋਂ ਕਲੀਆਂ ਨਾ ਤੋੜੀਂ,
ਜੇ ਇਸ ਆਦਮੀ ਦੀ ਹੈ ਗਰਦਣ ਸਜਾਉਣੀ।
ਜੇ ਹੈ ਕੀਲਣਾ ਇਹਨੂੰ ਮੇਖਾਂ ਦੋ ਲੈ ਜਾਹ,
ਜਾਂ ਗੋਹਟਾ ਜੇ ਇਹਦੀ ਚਿਤਾ ਹੈ ਜਲਾਉਣੀ।

ਨਹੀਂ ਤਾਂ ਕਦੇ ਮੇਰਾ ਮਾਲਕ ਜੇ ਮਿਲਿਆ,
ਮੇਰਾ ਇਕ ਛੋਟਾ ਸੁਨੇਹਾ ਸੁਣਾਈਂ।



ਕਹੀਂ ਉੱਠਿਆ ਹਾਂ ਮੈਂ ਛੋਹਣ ਨੂੰ ਅੰਬਰ,
ਮੇਰੇ ਮਾਲਕਾ! ਅਪਣੀ ਗਰਦਣ ਬਚਾਈਂ।

### ਗ਼ਜ਼ਲ

ਅਦਾ ਹੈ ਹੁਸਨ ਦੀ ਜੋ ਉਹ ਮਿਜ਼ਾਜ ਕਰਦੇ ਨੇ।
ਕਿ ਉਸ ਸ਼ਬਾਬ ਦੇ ਚਰਚੇ ਸ਼ਬਾਬ ਕਰਦੇ ਨੇ।

ਨਜ਼ਰ ਨੂੰ ਮੌਤ ਵੀ ਬੇਮੰਗ ਮੋਹਲਤਾਂ ਦੇਵੇ,
ਉਹ ਬਾਨਕਾਬ ਨੂੰ ਜਦ ਬੇਨਕਾਬ ਕਰਦੇ ਨੇ।

ਦਿਲੋ-ਦਿਮਾਗ਼ ਹਜ਼ਾਰਾਂ ਫ਼ਰੇਬ ਖਾ ਜਾਂਦੇ,
ਉਹ ਬੇਲਿਹਾਜ਼ ਜਦੋਂ ਵੀ ਲਿਹਾਜ਼ ਕਰਦੇ ਨੇ।

ਮਿਰੀ ਨਿਗਾਹ ਵਿੱਚ ਉਮਰਾਂ ਬਿਤਾਉਣ ਦੀ ਖ਼ਾਹਿਸ਼,
ਮਿਰੀ ਨਜ਼ਰ ਤੋਂ ਹੀ ਪਰਦਾ ਜਨਾਬ ਕਰਦੇ ਨੇ।

ਕਿਸੇ ਬਹਾਰ ਨੂੰ ਉਸ ਕੀ ਉਡੀਕਣਾ 'ਬਰਹਮ'
ਕਿ ਜਿਸ ਕਲੀ ਦੀ ਇਬਾਦਤ ਗੁਲਾਬ ਕਰਦੇ ਨੇ।

### ਇਕ ਸਵਾਲ

ਤੇਰੀਆਂ ਬਾਹਾਂ 'ਚ ਆ ਕੇ ਕੀ ਕਰਾਂ।
ਇਸ਼ਕ ਦਾ ਇਹ ਰੋਗ ਲਾ ਕੇ ਕੀ ਕਰਾਂ।

ਜ਼ਿੰਦਗੀ ਵਿਚ ਹੋਰ ਵੀ ਨੇ ਉਲਝਣਾਂ,
ਜ਼ੁਲਫ਼ ਤੇਰੀ ਨੂੰ ਬਣਾ ਕੇ ਕੀ ਕਰਾਂ।

ਤੂੰ ਜਿਹਾ ਹੈਂ ਹੋਰ ਤਾਂ ਹੋਣੋਂ ਰਿਹਾ,
ਬੋਲ ਤੈਨੂੰ ਆਜ਼ਮਾ ਕੇ ਕੀ ਕਰਾਂ।

ਹਰ ਥਾਂ ਭੁੱਖਾਂ ਦਾ ਤਾਂਡਵ ਹੋ ਰਿਹਾ,
ਮੈਂ ਕੋਈ ਲੋਰੀ ਸੁਣਾ ਕੇ ਕੀ ਕਰਾਂ।

ਵਕਤ ਵੀ ਗਲੀਆਂ ਦੇ ਵਿਚ ਰੋਂਦਾ ਫਿਰੇ,
ਜ਼ਿੰਦਗੀ ਤੈਨੂੰ ਵਰਾ ਕੇ ਕੀ ਕਰਾਂ।

ਕਤਲ ਤਾਂ ਪਹਿਰਾਵਿਆਂ ਦਾ ਹੋ ਰਿਹਾ,
ਜਾਤ ਮੈਂ ਅਪਣੀ ਲੁਕਾ ਕੇ ਕੀ ਕਰਾਂ।

ਧਰਤ ਨੂੰ ਆਦਮ ਦਾ ਢੋਰਾ ਖਾ ਰਿਹਾ,
ਬੀਜ ਮੈਂ ਅਪਣਾ ਉਗਾ ਕੇ ਕੀ ਕਰਾਂ।

## ਗ਼ਜ਼ਲ

ਜੇ ਤੂੰ ਜਵਾਬ ਨਾ ਦੇਵੇਂ ਸਵਾਲ ਕੀ ਕਰੀਏ।
ਰਗਾਂ ਦਾ ਦਰਦ ਦਿਲਾਂ ਦੇ ਉਬਾਲ ਕੀ ਕਰੀਏ।

ਤੇਰੇ ਹਰੇਕ ਸਿਤਮ ਤੇ ਵੀ ਮੁਸਕਰਾਉਂਦੇ ਹਾਂ;
ਕਿ ਇਸ ਕਮਾਲ ਤੋਂ ਵਧ ਕੇ ਕਮਾਲ ਕੀ ਕਰੀਏ।

ਬਣੇਂ ਜੇ ਤੂੰ ਵੀ ਤਮਾਸ਼ਾਈ ਗ਼ੈਰ ਦੇ ਵਾਂਗੂ,
ਤਾਂ ਫਿਰ ਕਿਸੇ ਤੇ ਗਿਲਾ ਯਾ ਮਲਾਲ ਕੀ ਕਰੀਏ।

ਮੇਰੇ ਕਫ਼ਸ ਦੀਆਂ ਕੰਧਾਂ ਨੇ ਅਰਸ਼ ਤੋਂ ਉੱਚੀਆਂ,
ਕਿਸੇ ਰਿਹਾਈ ਦਾ 'ਬਰਹਮ' ਖਿਆਲ ਕੀ ਕਰੀਏ।

## ਗ਼ਜ਼ਲ

ਇਹ ਦਿਲ ਦੀਦੇ ਪਕਾ ਲੈਂਦਾ
ਕਿਸੇ ਤੇ ਝਾਤ ਦੀ ਖ਼ਾਤਰ।
ਕਦੇ ਬਾਜ਼ੀ ਗੰਵਾ ਦੇਵੇ
ਕਿਸੇ ਤੋਂ ਮਾਤ ਦੀ ਖ਼ਾਤਰ।



ਸਜਾ ਦੇ ਹਰ ਕੋਈ ਤਾਰਾ
ਮਿਰੀ ਚਾਹਤ ਦੇ ਮੱਥੇ ਤੇ,
ਮੈਂ ਹਰ ਦਿਨ ਵੇਚ ਆਇਆ ਹਾਂ
ਤਿਰੀ ਇਸ ਰਾਤ ਦੀ ਖ਼ਾਤਰ।

ਨਾ ਦੇ ਅੱਜ ਇਸ਼ਕ 'ਤੇ ਮੇਰੇ
ਫ਼ਟੀ ਰਸਮਾਂ ਦੀ ਚਾਦਰ ਨੂੰ,
ਬਹੁਤ ਡੁੱਬ ਡੁੱਬ ਕੇ ਚੜ੍ਹਿਆ ਹਾਂ
ਮੈਂ ਇਸ ਪਰਭਾਤ ਦੀ ਖ਼ਾਤਰ।

ਤੇਰਾ ਦਰ ਹੀ ਹੈ 'ਬਰਹਮ'
ਜੋ ਸਦਾ ਭਿੜ ਭਿੜ ਕੇ ਖੁਲ੍ਹਦਾ ਹੈ,
ਕਦੇ ਖ਼ੈਰਾਤ ਦੀ ਖ਼ਾਤਰ
ਕਦੇ ਸੌਗਾਤ ਦੀ ਖ਼ਾਤਰ।

## ਨਦੀਮ ਪਰਮਾਰ

### ਚਾਰ ਗਜ਼ਲਾਂ

ਕੌਣ ਆਇਆ ਹੈ ਰੌਸ਼ਨੀ ਬਣ ਕੇ।
ਦਰਦ ਆਇਆ ਹੈ ਜ਼ਿੰਦਗੀ ਬਣ ਕੇ।

ਯਾਦ ਏਕਣ ਵੀ ਤੇਰੀ ਆਈ ਹੈ,
ਮੇਰੇ ਸਾਹਾਂ ਦੀ ਤਾਜ਼ਗੀ ਬਣ ਕੇ।

ਜੀਅ ਤਾਂ ਕਰਦੈ ਕਿ ਇੰਞ ਲੱਗਾ ਰਹਾਂ,
ਤੇਰੇ ਬੁੱਲ੍ਹਾਂ ਨਾਲ ਬੰਸਰੀ ਬਣ ਕੇ।

ਮੌਤ ਨੂੰ ਵੀ ਗਲੇ ਮੈਂ ਲਾ ਲੈਣਾ,
ਜੇ ਉਹ ਆਵੇ ਤਿਰੀ ਸਖੀ ਬਣ ਕੇ।

ਲੋਕ ਪੁੱਛਦੇ ਨੇ; ਦੱਸ ਕੀ ਦੱਸਾਂ,
ਮੈਨੂੰ ਮਿਲਿਆ ਹੈ ਕੀ ਕਵੀ ਬਣ ਕੇ।

ਇਹ ਤਾਂ ਆਦਮ ਹੀ ਜਾਣਦਾ ਹੋਊ,
ਪਾਇਆ ਉਸ ਨੇ ਕੀ ਆਦਮੀ ਬਣ ਕੇ।

ਕਦੇ ਇੱਦਾਂ ਵੀ ਭਾਲਿਆ ਤੈਨੂੰ,
ਸੀਤ ਰਾਤਾਂ 'ਚ ਚਾਨਣੀ ਬਣ ਕੇ।

ਹੁਸਨ ਇਕੱਠਾ ਹੋਇਆ ਸ੍ਰਿਸ਼ਟੀ ਦਾ,
ਤੇਰੇ ਚਿਹਰੇ ਦੀ ਸਾਦਗੀ ਬਣ ਕੇ।



—ਦੋ—

ਬੇਖੁਦੀ ਦੀ ਲੋਰ ਵਿੱਚ ਦਿਲ ਇੰਞ ਦੀਵਾਨਾ ਫਿਰੇ।
ਹਿਰਨ ਅਪਣੇ ਮੁਸ਼ਕ ਵਿੱਚ ਝੂਮੇ ਜਾਂ ਮਸਤਾਨਾ ਫਿਰੇ।

ਇਸ ਤਰ੍ਹਾਂ ਵੀ ਜ਼ਿੰਦਗੀ ਨੇ ਮੌਤ ਨੂੰ ਦਿੱਤੀ ਸਦਾਅ,
ਢੂੰਡਦਾ ਅਣਜਾਣੀਆਂ ਗਲ਼ੀਆਂ 'ਚ ਅਣਜਾਣ ਫਿਰੇ।

ਆਸ਼ਕੀ ਦੀ ਸ਼ਮਾਅ ਬਣ ਕੇ, ਕਰ ਲੈ ਰੌਸ਼ਨ ਆਪ ਨੂੰ,
ਆਸ਼ਕੀ ਸਿਖਣ ਨੂੰ, ਪਿੱਛੇ ਤੇਰੇ ਪਰਵਾਨਾ ਫਿਰੇ।

ਕੀ ਕਹਾਂ; ਕਿਉਂ ਮੁਸਕਰਾਏ ਅੱਜ ਦੀਵਾਨਾ 'ਨਦੀਮ''
ਪਾਟੀ ਝੋਲੀ 'ਚ ਪਾਈ ਦਿਲ ਦਾ ਨਜ਼ਰਾਨਾ ਫਿਰੇ।

ਇਸ ਤਰ੍ਹਾਂ ਵੀ ਰਹਿ ਲਿਆ ਹੈ ਤਿਰੀ ਦੁਨੀਆ ਵਿੱਚ ਅਸੀਂ,
ਜਿਸ ਤਰ੍ਹਾਂ ਰਿੰਦਾਂ 'ਚ ਕੋਈ ਸੂਫ਼ੀ ਮਸਤਾਨਾ ਫਿਰੇ।

ਆ ਸਿਖਾ ਦੁਨੀਆ ਨੂੰ ਕੋਈ ਪਿਆਰ ਦਾ ਫਿਰ ਸਬਕ ਤੂੰ,
ਆਦਮੀ ਇੰਞ ਭਾਲਦਾ ਆਪਣਾ ਨਾ ਬੇਗਾਨਾ ਫਿਰੇ।

ਧੂਮ ਰਿੰਦੀ ਦੀ ਤਿਰੀ, ਸੁਣ ਕੇ ਜ਼ਮਾਨੇ ਵਿੱਚ 'ਨਦੀਮ'
ਭਾਲਦਾ ਥਾਂ-ਥਾਂ ਤੈਨੂੰ ਪੀਰੇ-ਮੈਖ਼ਾਨਾ ਫਿਰੇ।

—ਤਿੰਨ—

ਬੇਸਹਾਰਾ ਜ਼ਿੰਦਗੀ ਨੂੰ ਆਸਰਾ ਮਿਲਦਾ ਨਹੀਂ।
ਆਪਣੇ ਮਿਲਦੇ ਨੇ ਪਰ ਕੋਈ ਆਪਣਾ ਮਿਲਦਾ ਨਹੀਂ।

ਚੰਦ ਵਾਂਙੂ ਘੁੰਮਿਆਂ; ਚੰਨਾਂ ਮੈਂ ਤੇਰੀ ਭਾਲ ਵਿੱਚ,
ਸੱਜਣਾਂ ਤੇਰਾ ਤਾਂ ਕੋਈ ਵੀ ਪਤਾ ਮਿਲਦਾ ਨਹੀਂ।

ਜ਼ਿੰਦਗੀ ਦੇ ਗ਼ਮ, ਹਨੇਰੇ ਵਾਂਗ ਆ ਕੇ ਛਾ ਗਏ,
ਜ਼ਿੰਦਗੀ ਮੁੱਕਦੀ ਹੈ ਕਿੱਥੇ, ਇਹ ਪਤਾ ਮਿਲਦਾ ਨਹੀਂ।

ਨਾ ਝੁਕਾਵਾਂ ਸੀਸ ਕਿਸ ਦਰ ਤੇ ਤੂੰ ਹੀ ਦੱਸ ਦੇ ਜ਼ਰਾ,
ਬਹੁਤ ਮਿਲਦੇ ਨੇ ਖ਼ੁਦਾ ਵਰਗੇ, ਖ਼ੁਦਾ ਮਿਲਦਾ ਨਹੀਂ।

ਇਹ ਹੈ ਮੇਰਾ, ਇਹ ਹੈ ਤੇਰਾ, ਮੇਰਾ ਨਹੀਂ, ਤੇਰਾ ਨਹੀਂ,
ਸ਼ੋਰ ਕਿਸ ਗੱਲ ਦਾ ਹੈ ਯਾ ਰੱਬ ! ਇਹ ਪਤਾ ਮਿਲਦਾ ਨਹੀਂ ।

ਤੂੰ ਹੀ ਦੱਸ ਐ ਮੇਰੇ ਰੱਬਾ, ਖ਼ਲਕ ਨੂੰ ਕੀ ਹੋ ਗਿਆ,
ਆਦਮੀ ਦਾ ਹੱਥ ਸੀਨੇ ਤੋਂ ਜੁਦਾ ਮਿਲਦਾ ਨਹੀਂ।

ਨਾਗ ਵਾਂਙੂ ਡਸ ਰਹੀ ਏ, ਵਾਟ ਜੀਵਨ ਦੀ 'ਨਦੀਮ'
ਬਿਨ ਤਿਰੇ ਜੀਵਣ ਦਾ ਕੋਈ, ਮੁੱਦਆ ਮਿਲਦਾ ਨਹੀਂ।

—ਚਾਰ—

ਸੋਚਦਾ ਹਾਂ ਕਿ ਆਦਮੀ ਕੀ ਹੈ ?
ਮੌਤ ਕੀ ਹੈ ਤੇ ਜ਼ਿੰਦਗੀ ਕੀ ਹੈ ?

ਆਦਿ ਸੁਣਿਆ ਹੈ ਸ਼ਾਹ ਹਨ੍ਹੇਰਾ ਸੀ,
ਆਈ ਕਿਥੋਂ ਇਹ ਰੌਸ਼ਨੀ ਕੀ ਹੈ ?

ਐ ਖ਼ੁਦਾ ਤੇਰੇ ਇਸ ਜਹਾਨ ਅੰਦਰ,
ਮੁਸਤਕਿਲ ਕੀ, ਤੇ ਆਰਜ਼ੀ ਕੀ ਹੈ ?

ਮੇਰੀ ਨਜ਼ਰਾਂ 'ਚ ਇਹ ਇਬਾਦਤ ਹੈ,
ਤੇਰੀ ਨਜ਼ਰਾਂ 'ਚ ਆਸ਼ਕੀ ਕੀ ਹੈ ?

ਕੱਟ ਥੋੜ੍ਹੇ ਕੁ ਦਿਨ ਜੁਦਾਈ ਦੇ,
ਪਤਾ ਲੱਗੂ ਕਿ ਬੇਬਸੀ ਕੀ ਹੈ ?

ਵਾਰ ਆਪਾ, ਕਦੀ ਨੀਂ ਪੁੱਛੀਦਾ,
ਯਾਰੀ ਕੀ ਹੈ, ਤੇ ਦੋਸਤੀ ਕੀ ਹੈ ?

ਯਾਦ ਆਉਂਦੇ ਨੇ 'ਮੀਰ' ਤੇ 'ਗਾਲਿਬ'
ਬਿਨ ਤਸਵੱਫ਼ ਦੇ ਸ਼ਾਇਰੀ ਕੀ ਹੈ ?



ਮੈਨੂੰ ਆਉਂਦੀ ਨਹੀਂ ਨਮਾਜ਼ 'ਨਦੀਮ'
ਮੈਂ ਕੀ ਜਾਣਾ ਕਿ ਬੰਦਗੀ ਕੀ ਹੈ ?

## ਕੁਲ-ਵਧੂ ਦੇ ਨਾਂ

ਆ ਧੀਏ ਘਰ ਆਪਣੇ ਚੱਲੀਏ,
ਬਿਨ ਤੇਰੇ ਮੇਰਾ ਸੁੰਨਾ ਵਿਹੜਾ।
ਨਾ ਕੋਈ ਗੀਤ ਤ੍ਰਿੰਞਣ ਗਾਵੇ,
ਨਾ ਨੱਚੇ ਨਾ ਗਿੱਧਾ ਪਾਵੇ।

ਮੈਂ ਤੇਰਾ ਉਹ ਧਰਮੀ ਬਾਬਲ,
ਜਿਸ ਦੀ ਗੋਦ 'ਚ ਨਾ ਤੂੰ ਖੇਲ੍ਹੀ।
ਨਾ ਜਿਸ ਤੈਨੂੰ ਲਾਡ ਲਡਾਏ,
ਨਾ ਜਿਸ ਤੇਰੇ ਚਾਅ ਮਨਾਏ।

ਮੈਂ ਤੇਰਾ ਉਹ ਧਰਮੀ ਬਾਬਲ,
ਜਿਸ ਨੇ ਤੇਰੀ ਭਾਲ ਦੀ ਖ਼ਾਤਿਰ।
ਪੂਰਬ ਪੱਛਮ ਦੱਖਣ ਗਾਹੇ,
ਜਾਗ ਕਈ ਦਿਨ, ਰਾਤ ਬਿਤਾਏ।

ਜਦ ਤੂੰ ਪੈਰ ਮੇਰੇ ਘਰ ਪਾਵੇਂ,
ਤੇਲ ਚੋਏ ਮਾਂ ਪਾਣੀ ਵਾਰੇ।
ਪੈਰ ਨਾ ਉਹ ਧਰਤੀ ਤੇ ਲਾਵੇ,
ਤੇਰੇ ਤੋਂ ਬਲਿਹਾਰੀ ਜਾਵੇ।

ਫੁਲ ਫੁਲ ਪਈ ਉਹ 'ਸੀਸਾਂ ਦੇਵੇ
ਵੰਸ ਵਧੇ ਤੂੰ ਵੇਲ ਵਧਾਵੇਂ।
ਆ ਧੀਏ ਘਰ ਆਪਣੇ ਚਲੀਏ
ਤੂੰ ਮੇਰੀ ਕੁਲ-ਵਧੂ ਕਹਾਵੇਂ।

## ਬੇਸੰਦਰਭ ਅਸਤਿਤ੍ਵ

ਮੈਂ ਤੇਰਾ ਗੁਨਾਹਗਾਰ ਹਾਂ,
ਮੈਂ ਆਪਣਾ ਗੁਨਾਹਗਾਰ ਹਾਂ ।
ਇਸ ਨਵੇਂ ਅਜਨਬੀ ਸ਼ਹਿਰ
ਇੱਕ ਉਲਝੇ ਸਮੇਂ ਵਿੱਚ,
ਮੈਂ ਉਸ ਪਾਕ ਰਿਸ਼ਤੇ ਤੋਂ
ਮੁਨਕਰ ਹੋ ਗਿਆ ਸਾਂ
ਮੈਂ ਸਭ ਕੁਝ ਨਵੇਂ ਸਿਰਿਓਂ,
ਸ਼ੁਰੂ ਕਰਨਾ ਚਾਹੁੰਦਾ ਸਾਂ,
ਪਰ ਵਕਤ ਡੁੱਲ੍ਹੇ ਹੋਏ ਖ਼ੂਨ ਵਾਂਗ
ਇਕ ਥਾਂ ਹੀ ਜੰਮ ਗਿਆ ।

ਮੈਨੂੰ ਨਹੀਂ ਸੀ ਪਤਾ ਕਿ,
ਆਪਣੀ ਧਰਤੀ ਤੋਂ ਦੂਰ ਅਤੇ ਤੇਥੋਂ ਜੁਦਾ ਹੋਣਾ
ਆਪਣੇ ਆਪ ਨੂੰ ਮੁੜ-ਪ੍ਰੀਭਾਸ਼ਤ ਕਰਨਾ ਹੈ !
ਮੈਨੂੰ ਨਹੀਂ ਸੀ ਪਤਾ ਕਿ
ਅਸਤਿਤ੍ਵ ਵੀ ਬੇਸੰਦਰਭ ਹੋ ਸਕਦਾ ਹੈ
ਅਤੇ ਬੇਸੰਦਰਭ ਹੋ ਕੇ ਜੀਣਾ,
ਮੌਤ ਹੰਢਾਉਣਾ ਹੈ ।

ਮੈਂ ਆਪਣੇ ਆਪ ਨਾਲ ਅਸੁਹਿਰਦ ਹੋ ਕੇ,
ਜਦੋਂ ਅੱਗੇ ਤੁਰਿਆ
ਤਾਂ ਮੇਰਾ ਤੁਰਨਾ ਵੀ ਇੱਕ ਵਹਿਮ ਸੀ,
ਅਸਲ ਵਿੱਚ ਮੈਂ ਆਪਣੇ ਆਪ ਨੂੰ
ਉੱਥੇ ਹੀ ਛੱਡ ਆਇਆ ਸਾਂ ।



ਉਸ ਦਿਨ ਤੋਂ ਮੈਂ
ਇੱਕ ਸਤਹੀ ਆਪਾ ਸਿਰਜਣ ਦੀ,
ਨਾਕਾਮ ਕੋਸ਼ਿਸ਼ ਕਰਦਾ ਰਿਹਾ ਹਾਂ ।

ਆਪਣੇ ਅੰਤ੍ਰੀਵ ਨੂੰ,
ਨਜ਼ਰ-ਅੰਦਾਜ਼ ਕਰ, ਜੀਣ ਦੀ ਕੋਸ਼ਿਸ਼
ਇਕ ਤਲਖ਼ ਤਜਰਬਾ ਸੀ !
ਮੈਂ ਇਸ ਅੰਤ੍ਰੀਵ ਸੂਰਜ ਉਤੇ,
ਕਲਾ, ਹਵਸ ਅਤੇ ਖ਼ੁਦਾ ਦੇ,
ਬੱਦਲ ਤਾਣਦਾ ਰਿਹਾ ਹਾਂ ।

ਅੱਜ ਅਚਾਨਕ ਹਰ ਬੱਦਲ ਕਾਫ਼ੂਰ ਹੋ ਗਿਐ
ਇਹ ਸੂਰਜ ਫਿਰ ਚਮਕ ਉੱਠਿਆ ਹੈ ।

## ਅਨਲਹੱਕ

ਮੈਂ, ਮੈਂ ਹਾਂ
ਜਿਵੇਂ ਦੋ ਤੇ ਦੋ ਚਾਰ ਹੁੰਦੇ ਹਨ ।
ਮੈਂ ਬ੍ਰਹਮ-ਪੁੱਤਰ, ਮੁਜੱਸਮ-ਖ਼ੁਦਾ,
ਬ੍ਰਹਮੰਡ ਦਾ ਇੰਦ੍ਰਿਆਈ ਕੇਂਦਰ ਹਾਂ ।
ਮੈਂ, ਮਾਨਵ, ਸ੍ਵੈ-ਸਿਰਜਣਹਾਰ,
ਕ੍ਰਿਸ਼ਮਿਆਂ ਦਾ ਕ੍ਰਿਸ਼ਮਾ ।
ਮੈਂ ਜੂਨਾਂ ਬਦਲਦਾ ਅਮਰ-ਤੁਖ਼ਮ ਹਾਂ
ਬ੍ਰਹਮੰਡ ਦੇ ਅਸੀਮ ਸਾਗਰ 'ਚ
ਜ਼ਿੰਦਗੀ ਦੀ ਮਹਾਂ-ਛੱਲ ਦੀ ਸਿਖਰ ।

ਮੈਂ ਕਦੇ ਏਥਨਜ਼ ਦਾ ਗ਼ੁਲਾਮ,
ਕਦੇ ਮੱਧਯੁੱਗੀ ਯੂਰਪ ਦਾ ਕਿਸਾਨ
ਕਦੇ ਈਸਾ, ਮੂਸਾ, ਕ੍ਰਿਸ਼ਨ, ਬੁੱਧ, ਨਾਨਕ ਹਾਂ ।
ਅਸਲ ਵਿੱਚ ਮੈਂ ਤਾਂ ਜ਼ਿੰਦਗੀ ਦਾ ਸਫ਼ੀਰ ਹਾਂ,
ਜਿਸ ਦਾ ਮਾਰਗ, ਦੂਰ-ਤਾਰਕਿਕ
ਪਰੀ-ਨਿਸਚਿਤ ਵੀ ਹੈ, ਸ੍ਵੈ-ਨਿਸਚਿਤ ਵੀ ।

ਆਪਣੇ ਆਪ ਦੇ ਇਹ ਦਰਸ਼ਨ,
ਖ਼ੁਦਾ ਦੇ ਅਸਲ ਦਰਸ਼ਨ ਹਨ ।

ਅੰਤ੍ਰੀਵ ਸਾਡਾ ਉਹ ਰਿਸ਼ਤਾ
ਉਂਝ ਦਾ ਉਂਝ ਸੰਭਾਲੀ ਬੈਠਾ ਹੈ
ਅੱਜ ਮੈਂ ਤੇਰਾ ਸੰਗ,
ਫਿਰ ਹੂ-ਬ-ਹੂ ਹੰਢਾਇਆ ਹੈ ।
ਉਹੀ ਕੋਮਲ ਹੋਠ, ਉਹੀ ਲੰਬੇ ਵਾਲ
ਦੋਸਤਾਨਾ ਤੱਕਣੀ, ਜੋ ਦਿਲ 'ਚ ਉੱਤਰ ਜਾਵੇ
ਰਿਕਸ਼ੇ, ਰੈਸਟੋਰੈਂਟ, ਸੜਕਾਂ, ਸਿਨਮੇ,
ਅਤੇ ਤੇਰੇ ਉਹ ਬੋਲ।

ਮੈਨੂੰ ਪਤਾ ਹੈ ਕਿ ਤੇਰੀ ਯਾਦ ਤੂੰ ਨਹੀਂ
ਪਰ ਇਹ ਤੈਥੋਂ ਬਿਨਾਂ ਕੋਈ ਹੋਰ ਵੀ ਨਹੀਂ ।
ਤੇਰੀ ਇਸ ਹੋਂਦ ਅਤੇ ਅਣਹੋਂਦ ਦੇ ਵਿਲੰਭ 'ਚ
ਫਸੀ ਮੇਰੀ ਹੋਂਦ, ਹਰਨਾਕਸ਼ ਦੀ ਰੂਹ ਵਾਂਗ
ਤ੍ਰੈਕਾਲ ਦੀ ਸਰਦਲ ਉੱਤੇ ਜ਼ਿਬ੍ਹਾ ਹੁੰਦੀ ਰਹਿੰਦੀ ਹੈ ।
ਵਕਤ ਦਾ ਵਹਾਅ ਇੱਕ-ਤਰਫ਼ਾ ਹੈ, ਅਟੱਲ ਹੈ,
ਪਿੱਛੇ ਵੱਲ ਮੂੰਹ ਕਰਕੇ ਤੁਰਨਾ ਬੜਾ ਔਖਾ ਹੈ ।

ਮੇਰਾ ਦੂਰ-ਤਾਰਕਿਕ ਯਥਾਰਥ
ਮਰਜੀਵੜੇ ਤੋਂ ਅਮਰ
ਅਤੇ ਸੀਮਤ ਤੋਂ ਅਸੀਮ
ਹੋਣ ਦਾ ਵਿਕਾਸ ਹੈ ।
ਮੈਂ ਸ਼ਕਤੀ, ਹੋਣੀ ਅਤੇ ਕਰਮ ਦਾ ਸੁਮੇਲ
ਤੁਸੀਂ ਕ੍ਰਿਸ਼ਮਿਆਂ ਦੀ ਮੰਗ ਕਰਦੇ ਹੋ
ਅਤੇ ਕਹਿੰਦੇ ਹੋ ਕਿ ਇਹ
ਸ਼ਕਤੀ ਦਾ ਪਰਮਾਣ ਹੁੰਦੇ ਹਨ
ਮੈਂ ਤਾਂ ਕ੍ਰਿਸ਼ਮੇ ਰੋਜ਼ ਕਰਦਾ ਹਾਂ
ਮੈਂ ਹੱਥ ਦੀ ਇਕ ਛੋਹ ਨਾਲ
ਹਨੇਰੇ ਨੂੰ ਰੌਸ਼ਨੀ ਵਿੱਚ ਬਦਲ ਸਕਦਾ ਹਾਂ ।



ਮੈਂ ਸ਼ੇਰਾਂ ਨੂੰ ਨਚਾ ਸਕਦਾ ਹਾਂ
ਲੋਹੇ ਨੂੰ ਤਾਰ ਸਕਦਾ ਹਾਂ, ਉੜਾ ਸਕਦਾ ਹਾਂ
ਮੈਂ ਸਰਵ-ਸ਼ਕਤੀਮਾਨਤਾ ਵੱਲ ਵਧਦੀ ਅਟੱਲਤਾ ਹਾਂ
ਤੁਸੀਂ ਕਹੋਗੇ ਕਿ ਸਰਵ-ਸ਼ਕਤੀਮਾਨ,
ਤਾਂ ਸਿਰਫ਼ ਖ਼ੁਦਾ ਹੁੰਦਾ ਹੈ ।

ਮੈਂ ਪੁਛਦਾ ਹਾਂ ਕਿ ਤੁਸੀਂ
ਕਿਸ ਖ਼ੁਦਾ ਦੀ ਗੱਲ ਕਰਦੇ ਹੋ ?
ਲੈਬਨਾਨ ਵਿੱਚ ਮੁਹੰਮਦ, ਮੂਸਾ ਅਤੇ ਈਸਾ
ਆਪਣੇ ਆਪਣੇ ਝੰਡੇ ਫੜ ਲਹੂ ਵਹਾਉਂਦੇ ਦੇਖੇ ਹਨ ?
ਮੈਂ ਜਾਮਾ ਮਸਜਿਦ ਕੋਲ,
ਅੱਲ੍ਹਾ ਅਤੇ ਭਗਵਾਨ ਨੂੰ ਕੁੱਕੜਾਂ ਵਾਂਗ ਲੜਦੇ
ਛੱਡ ਆਇਆ ਸਾਂ ।
ਪੰਜਾਬ ਦੀਆਂ ਹੱਦਾਂ 'ਤੇ ਖ਼ੁਦਾ ਬਦਲ ਜਾਂਦੇ ਹਨ ।
ਪਰ ਮੈਂ ਦੋਨੋਂ ਪਾਸੇ ਹਾਂ
ਕਿਉਂਕਿ ਮੈਂ ਮੈਂ ਹਾਂ
ਜਿਵੇਂ ਦੋ ਤੇ ਦੋ ਚਾਰ ਹੁੰਦੇ ਹਨ ।

## ਸਭਿਆਚਾਰ ਦੀ ਮੌਤ

ਮੈਨੂੰ ਅੱਜ ਵੀ ਉਹ ਦਿਨ,
ਐਨ ਯਾਦ ਹੈ,
ਜਿਸ ਦਿਨ, ਸਭਿਆਚਾਰ ਦੀ ਮੌਤ ਹੋਈ ਸੀ ।

ਉਸ ਦਿਨ, ਇੱਕ ਝਟਕੇ ਨਾਲ,
ਜ਼ਿੰਦਗੀ, ਰੋਟੀ ਦੀ ਦੌੜ ਤੱਕ,
ਸੀਮਤ ਕਰ ਦਿਤੀ ਗਈ ਸੀ ।

ਅਸੀਂ ਆਪਣੀ ਚਰਾਗਾਹ 'ਚ
ਭਰਪੂਰ ਜ਼ਿੰਦਗੀ ਜਿਊਂਦੇ
ਅਚਾਨਕ ਸਭ ਕੁਝ ਛੱਡ, ਤੁਰ ਆਏ ਸਾਂ;

ਹਰੇ ਖੇਤ, ਮਹਾਂ ਵਿਦਿਆਲੇ, ਕਾਫ਼ੀ ਹਾਊਸ
ਅਤੇ ਰਿਕਸ਼ਿਆਂ 'ਚੋਂ ਉਡਦੀਆਂ ਰੰਗੀਨ ਚੁੰਨੀਆਂ।
ਦੂਰ ਦੁਰਾਡੇ, ਉਤਰੀ ਵੀਰਾਨ ਸ਼ਹਿਰਾਂ 'ਚ ਆ
ਘੜੀ ਦੀ ਸੂਈ ਵਾਂਗ ਘੁੰਮਣ ਲਗ ਪਏ ਸਾਂ।

ਅਸੀਂ ਜੋ ਇਨਕਲਾਬੀ ਸ਼ੋਅਲੇ,
ਮੁਲਕ ਦੀ ਤਕਦੀਰ ਬਣ ਗੁਜ਼ਰਨਾ ਚਾਹੁੰਦੇ ਸਾਂ
ਵਿਦੇਸ਼ ਵਿੱਚ ਪਿਆਦੇ ਬਣ ਰੁਲਦੇ ਰਹੇ।
ਹੁਣ ਜਦੋਂ ਇਸ ਆਰਥਕ ਸ਼ਤਰੰਜ ਜਿਹੇ,
ਅਜੀਵਨ ਵੱਲ ਮੁੜ ਤਕਦੇ ਹਾਂ
ਤਾਂ ਲਗਦਾ ਹੈ ਕਿ ਜ਼ਿੰਦਗੀ
ਬੇਹੂਦਗੀ ਵਿਰੁਧ ਇੱਕ ਨਿਰੰਤਰ ਘੋਲ ਹੈ।

ਅਰਥਹੀਨਤਾ ਵੀਰਾਨਗੀ ਵਾਂਗ
ਲਗਾਤਾਰ ਫ਼ਤਿਹ ਕਰਨੀ ਪੈਂਦੀ ਹੈ।
ਲੋੜਾਂ ਦੀ ਪੂਰਤੀ ਭਾਵੇਂ ਅਹਿਮ ਹੈ
ਪਰ ਜ਼ਿੰਦਗੀ ਨੂੰ ਆਰਥਕਤਾ ਤਕ ਸੀਮਤ ਕਰਨਾ
ਇੱਕ ਸੂਖਮ ਕਤਲ ਹੈ।

ਇਨਸਾਨ ਦਾ ਖ਼ੁਸ਼ ਚਿਹਰਾ ਪੂਜਨੀਯ ਹੈ।
ਇਸ ਸੰਦਰਭ ਵਿੱਚ,
ਬੋਲੀਆਂ, ਭੰਗੜੇ, ਮੇਲੇ 'ਤੇ ਮੁਸ਼ਾਇਰੇ,
ਵੇਦ ਪੁਰਾਨਾਂ ਤੋਂ ਘਟ ਪਵਿੱਤਰ ਨਹੀਂ।

ਢਿੱਡ ਦੀ ਭੁੱਖ ਲਈ ਰੂਹ ਦਾ ਕਤਲ,
ਲੱਖਾਂ ਜੀਵਾਂ ਦੀ ਹੋਣੀ ਹੈ ਅਜੇ,
ਪਰ ਤਮ੍ਹਾ ਲਈ ਰੂਹ ਨੂੰ ਸਲੀਬ ਤੇ ਟੰਗਣਾ,
ਸਿਰਫ ਮਨੁੱਖ ਦੀ ਚੋਣ ਹੈ।





## ਕਲਪਨਾ

ਕੋਲ ਆਈ ਮੇਰੇ ਪਰੀਆਂ ਦੀ ਰਾਣੀ
ਮੇਰੇ ਮੋਢੇ 'ਤੇ ਸਿਰ ਧਰ
ਸ਼ੋਖ ਅਦਾ ਨਾਲ ਕਹਿਣ ਲੱਗੀ
ਕੋਈ ਗੀਤ ਸੁਣਾ।

ਉਸ ਨੂੰ ਗੀਤ ਸੁਣਾਇਆ ਮੈਂ
ਮਨੁੱਖ ਦੀਆਂ ਜਿੱਤਾਂ ਦਾ
ਹਾਰਾਂ ਦਾ, ਧਾੜਾਂ ਦਾ।
ਉਸ ਨੂੰ ਗੀਤ ਸੁਣਾਇਆ
ਆਦਮ ਦੇ ਸਪੂਤਾਂ ਦਾ
ਉਸ ਦੀਆਂ ਕਰਤੂਤਾਂ ਦਾ
ਹੋਰ ਵੀ ਗੀਤ ਸਨ ਮੇਰੇ
ਜਿਨ੍ਹਾਂ 'ਚ ਚਿਤਰੇ ਸਨ
ਦਾਇਰੇ, ਆਕਾਰ ਤੇ ਬਿੰਦੂ।

ਉਸ ਨੇ ਉਬਾਸੀ ਲਈ ਤੇ ਕਿਹਾ
ਨਹੀਂ, ਕੋਈ ਹੋਰ ਗੀਤ ਸੁਣਾ।

ਅਜੇ ਮਨੁੱਖਤਾ ਦਾ ਹੀ ਪੂਰਾ ਗੀਤ
ਗਾ ਨਹੀਂ ਹੋਇਆ ਮੈਥੋਂ
ਕੀ ਸੁਣਾਵਾਂ ਹੋਰ !

ਉਸ ਨੇ ਮੇਰਾ ਹੱਥ ਫੜਿਆ ਤੇ ਕਿਹਾ
ਅੱਖਾਂ ਮੀਟ, ਚੁੱਪ-ਚਾਪ ਮੇਰੇ ਨਾਲ ਆ
ਮੇਰੀ ਝਾਂਜਰ ਦਾ ਗੀਤ ਸੁਣ।

## ਮੈਂ ਤਾਂ ਚਾਹਿਆ ਸੀ...

ਤੇਰੀ ਨੇੜਤਾ ਚਾਹੀ ਸੀ
ਉਮਰ ਭਰ ਦੇ ਰੋਗ ਵਰਗਾ
ਸਾਥ ਨਹੀਂ

ਤੇਰੀਆਂ ਗੁੰਮ-ਸੁੰਮ ਅੱਖੀਆਂ 'ਚ
ਛੁਪੀ ਚੰਚਲਤਾ ਦੇਖਣ ਦੀ
ਖ਼ਾਹਿਸ਼ ਸੀ ਮੇਰੀ

ਤੇਰੀ ਖ਼ਾਮੋਸ਼ੀ ਪਿੱਛੇ ਛੁਪੇ
ਸ਼ੋਰ-ਸ਼ਰਾਬੇ ਨੂੰ ਜਾਨਣ ਦੀ
ਲੋਚਾ ਸੀ ਮੇਰੀ

ਮੈਂ ਚਾਹੁੰਦਾ ਸੀ
ਕਸ਼ਿਸ਼ ਤੇਰੇ ਬਦਨ ਦੀ ਨੂੰ
ਆਪਣੇ ਅੰਗ ਲਾਵਾਂ
ਸੁਰਾਹੀ ਵਿਚ ਵੜ੍ਹ ਕੇ
ਚੁਲ੍ਹੀਆਂ ਭਰ ਭਰ ਮਦਰਾ ਪੀਵਾਂ

ਸ਼ਾਇਦ ਸਿਤਾਰਿਆਂ ਦਾ
ਮੇਲ ਸੀ ਉਸ ਘੜੀ
ਜਾਂ ਮੇਰੇ ਸ਼ਬਦਾਂ ਦਾ ਜਾਦ
ਤੇਰੇ ਰੂਪ ਦੀ ਚਾਨਣੀ
ਛੱਲਕ ਪਈ

ਮੈਂ ਤਾਂ ਗੁਣ-ਗਣਾਉਣਾ ਸੀ
ਹੁਸਨ ਤੇਰੇ ਦੇ ਕੰਢੇ ਬੈਠ ਕੇ
ਮੈਂ ਤਾਂ ਤੇਰੀਆਂ ਜ਼ੁਲਫ਼ਾਂ ਨੂੰ
ਸੁਆਰਦਾ ਹੀ ਮਰ ਗਿਆ

ਚੰਦਰੀ ਬਾਣ ਪੈ ਗਈ ਮੈਨੂੰ
ਤੇਰੇ ਸੰਗ ਸੁਫ਼ਨੇ ਦੇਖਣ ਦੀ
ਤੇ ਸੁਫ਼ਨਿਆਂ ਦੇ ਘਰ
ਤੈਨੂੰ ਲੈ ਵੜ੍ਹਿਆ



ਕੀ ਚਾਹਿਆ ਸੀ ਮੈਂ
ਕੀ ਕਰ ਗਿਆ
ਤੇਰੀ ਨੇੜਤਾ ਖ਼ਾਤਰ !

ਸੰਭਾਲਿਆ ਕੀ ਮੈਂ
ਛਲਕੀ ਚਾਨਣੀ ਨੂੰ
ਮੈਂ ਤਾਂ ਤੇਰੇ ਹੰਝੂਆਂ ਦੀ
ਸੂਲੀ ਚੜ੍ਹ ਗਿਆ ।

## ਗ਼ਰੀਬੀ

ਗ਼ਰੀਬੀ ਬੁਰੀ
ਵਿਚਾਰਾਂ ਦੀ ਹੋਵੇ
ਜਾਂ ਹੋਵੇ ਪਦਾਰਥਾਂ ਦੀ

ਗ਼ਰੀਬੀ ਵਿਚ ਰਿਸ਼ਤਾ
ਰੋਟੀ ਤੋਂ ਸ਼ੁਰੂ ਹੋ ਕੇ
ਰੋਟੀ ਤੇ ਹੀ ਮੁੱਕਦਾ

ਗ਼ਰੀਬੀ ਵਿਚ ਧਰਮੀ
ਇਮਾਨ; ਮੁਕਤੀ ਦੀ ਟੇਕ ਉਪਰ
ਜਿਊਂਦਾ ਅਤੇ ਮੁਕਦਾ

ਗ਼ਰੀਬੀ ਵਿਚ ਗ਼ਰੀਬ
ਪਾਪ, ਪੁੰਨ, ਤਰਸ ਦੇ ਸਹਾਰੇ
ਜਿਊਣ ਵਿਚ ਵਿਸ਼ਵਾਸ ਰੱਖਦਾ

ਗ਼ਰੀਬੀ ਵਿਚ ਯੋਧਾ
ਧਰਮ, ਕੌਮ, ਵਤਨ ਲਈ
ਮਰ ਮਿਟਦਾ
ਗ਼ਰੀਬੀ ਵਿਚ ਆਦਮੀ

ਦਾਸ ਬਣ ਕੇ, ਉਮਰ ਕੱਟਦਾ
ਗ਼ਰੀਬੀ ਬਹੁਤ ਬੁਰੀ।

ਨਮੋਸ਼ੀ ਕੋਈ ਨਹੀਂ ਉਸ ਸਮੇਂ
ਜੇ, ਚਣੌਤੀ ਸਵੀਕਾਰਦਾ
ਨਵੇਂ ਵਿਚਾਰ ਸਿਰਜਦਾ
ਮਨੁੱਖਤਾ ਲਈ ਪਿਆਰ
ਜਿਊਣ ਦੀ ਖ਼ਾਹਿਸ਼ ਰੱਖਦਾ

ਇਨਸਾਨ ਗ਼ਰੀਬ ਹੋਵੇ
ਪਦਾਰਥਕ ਪੱਖੋਂ ਖ਼ਤਰਨਾਕ ਹੈ
ਜਿਸ ਸਮੇਂ ਗ਼ਰੀਬੀ ਨੂੰ
ਸਵੀਕਾਰ ਲਵੇ
ਇਨਸਾਨ' ਤਰਸ ਦਾ ਪਾਤਰ
ਬਣਨ 'ਚ ਮਜ਼ਾ ਲਵੇ ਕੋਈ
ਲਾਹਨਤ ਹੈ ਉਸ ਸਮੇਂ ਗ਼ਰੀਬੀ

ਜਦੋਂ ਕਿਸੇ ਹੋਣੀ ਦੀ ਉਡੀਕ 'ਚ
ਜਿਊਣ ਲੱਗੇ ਇਨਸਾਨ
ਸਮਝ ਲਵੇ ਇਸ ਨੂੰ ਕਿਸਮਤ
ਉਡੀਕ ਕਰੇ ਕਰਾਮਾਤ ਦੀ

ਉਸ ਸਮੇਂ ਬਹੁਤ ਭੈੜੀ
ਅਤੇ ਖ਼ਤਰਨਾਕ :
ਵਿਚਾਰਾਂ ਦੀ ਹੋਵੇ
ਜਾਂ ਪਦਾਰਥਾਂ ਦੀ
ਗ਼ਰੀਬੀ ਬਹੁਤ ਬੁਰੀ।



## ਹਰਜਿੰਦਰ ਸਿੱਧੂ

### ਦੁਚਿੱਤੀ

ਰੁੱਖ ਦੀ ਟੀਸੀ ਤੇ ਬੈਠ
ਜੋ ਕੁਛ ਤਾੜਦਾ ਹੈ
ਉਸ ਪੰਛੀ ਵਾਂਗ ਹੀ ਤਾਂ ਹਾਂ ਮੈਂ।
ਜਾਂ ਹਵਾਵਾਂ ਨਾਲ ਘਿਰਿਆ
ਨੁਕਰ ਵਿਚ ਹੌਲੀ ਹੌਲੀ ਭੁਰਦਾ
ਇਕ ਸੁੱਕਾ ਪੱਤਰ ਹਾਂ।

ਦੁਚਿੱਤਾ ਹਾਂ ਉਸ ਬਾਲ ਵਾਂਗ
ਜੋ ਕਦੇ ਖਿਡੌਣੇ ਤੇ ਕਦੀ
ਮਾਂ ਦੀ ਘੂਰੀ ਵੱਲ ਤਕਦਾ ਹੈ
ਇਕ ਮੀਲ ਪੱਥਰ ਤੇ ਬੈਠ
ਉਚੜੇ ਪੈਰ ਪਲੋਸਦਾ
ਸਫ਼ਰ ਤੋਂ ਲਗੇ ਲਹੂੰਦੜੇ ਝਾੜਦਾ
ਇਕ ਰਾਹੀ ਹਾਂ ਮੈਂ।

ਬਹੁਤ ਦੂਰ ਨਿਕਲ ਆਇਆ ਹਾਂ
ਪਰ ਨਾ ਘਟਦਾ ਹੈ,
ਨਾ ਛੁਪਦਾ ਹੈ
ਮੇਰੇ ਅਤੀਤ ਦੇ ਅਸਮਾਨ ਵਿਚ ਚੰਦ
ਤੇ ਮੈਂ ਚਕੋਰ ਵਾਂਗ ਤਕਦਾ
ਆਪਣੇ ਆਪ ਤੋਂ ਹੀ ਗੁਆਚ ਜਾਂਦਾ ਹਾਂ,
ਮੇਰੇ ਜ਼ਿਹਨ ਵਿਚ ਕੋਈ ਹੱਸਦਾ ਹੈ

ਮੇਰੇ ਪੈਰਾਂ ਨੂੰ ਛੋਟਾ ਛੋਟਾ ਦੱਸਦਾ
ਤੇ ਫਿਰ ਜ਼ਿਦੀ ਬਾਲ ਵਾਂਗ ਲਿਟਣ ਤੋਂ ਸਵਾਏ
ਕੁਝ ਵੀ ਤੇ ਨਹੀਂ ਬਚਦਾ

ਸੋਚਾਂ, ਪੁੰਗਰ ਹੀ ਪੈਂਦੀਆਂ ਜੋ ਕਿਨਾਰੇ ਤੇ ਡਿੱਗਦਾ
ਪਾਣੀ ਵਿਚ ਡਿਗਿਆ
ਅੱਕ ਦੇ ਫੰਬੇ ਵਾਂਗ ਲਾਚਾਰ ਹਾਂ ਮੈਂ
ਜਾਂ ਫਿਰ ਏਨਾ ਮਾਸੂਮ ਕਿ
ਤੁਰਦੇ ਸਮੇਂ ਦੇ ਪੈਰ ਤੇ ਘੋੜੀਆਂ ਬਣਾਉਂਦਾ
ਰੇਤੇ ਨਾਲ ਖੇਡਦਾ ਇਕ ਬਾਲ ਹਾਂ ਮੈਂ ।

ਬਸ, ਫਟਕਣ ਤੋਂ ਬਗੈਰ ਕੁਝ ਨਹੀਂ
ਜਦ ਸੋਚਾਂ ਕੀ ਹੋਵੇਗਾ
ਉਡਦੇ ਹੋਏ ਬਾਜ਼ ਦੇ ਪੰਜੇ ਵਿਚ
ਨਰਮ ਜਿਹੇ ਚੂਚੇ ਦਾ ਹਾਲ
ਜੇ ਨਹੀਂ ਛੁਟਦਾ ਤਾਂ ਵੀ ਮਰੇਗਾ
ਛੁਟ ਗਿਆ ਤਾਂ ਵੀ ਮਰ ਜਾਏਗਾ ।

## ਮੇਰੇ ਵਿਹੜੇ ਦੇ ਲੋਕ

ਨੀਵੀਆਂ ਛੱਤਾਂ ਤੋਂ ਉਚਾ ਹੁੰਦਾ ਵੇਖ ਆਕਾਰ
ਬੌਨੇ ਲੋਕਾਂ ਤੋਂ ਹੋਇਆ ਨਾ ਸਹਾਰ,
ਵਧਿਆ ਯੁੱਗ-ਨਾਰ ਦਾ ਸ਼ਬਾਬ

ਸਮੇਂ ਦੇ ਨਾਲ ਨਾਲ
ਫਿਰ ਕਿਥੋਂ ਮੇਚ ਆਉਣਾ ਸੀ
ਮੋਈ ਸਦੀ ਦਾ ਉਤਾਰ।
ਕੰਡਿਆਂ ਝਰੀਟੇ ਸਰੀਰਾਂ ਤੇ
ਜੋ ਬੰਨ੍ਹਦੀ ਰਹੀ ਫੋਹੇ ਰੋਜ਼
ਕਲਮੂੰਹੀ ਕਹਿ ਪੈਰ ਵੱਢਦੇ ਰਹੇ
ਇਸ ਵਿਹੜੇ ਦੇ ਲੋਕ ।



ਅਜੀਬ ਹੀ ਤਮਾਸ਼ਾ ਕਰ ਰਹੇ
ਮੰਦਰੀਂ ਝੂਲਦੇ ਟੱਲਾਂ ਤੇ
ਹੱਥ ਜ਼ਖ਼ਮੀ ਕਰ ਰਹੇ
ਕੋਈ ਬੇਵਕਤ ਹੀ ਸੰਖ ਵਜਾ ਰਿਹਾ
ਆਪਣਾ ਹੀ ਜਿਸਮ ਪੱਛੀ ਜਾ ਰਿਹਾ ।

ਹੀਰੇ ਨੂੰ ਤਰਾਸ਼ ਹੁਸਨ ਨੂੰ ਸ਼ਿੰਗਾਰਨ ਦੀ ਥਾਂ
ਚਟਣ ਲਈ ਕਰਦੇ ਰਹੇ ਮਜਬੂਰ
ਯੁਧ ਹੈ ਸਮੇਂ ਦੇ ਨਾਲ
ਹਥਿਆਰ ਨੇ ਕੁਝ ਜੰਗਾਲੇ ਦਸਤੂਰ ।

ਵਿਹੜੇ ਨੂੰ ਲੈ ਬੈਠਾ
ਮਜ਼੍ਹਬੀ ਜਨੂੰਨ
ਗੰਦੀਆਂ ਨਾਲੀਆਂ ਵਿਚ ਰਲ ਰਿਹਾ
ਮਾਸੂਮਾਂ ਦਾ ਖ਼ੂਨ ।

ਇਕ ਸ਼ੋਰ-ਸ਼ਰਾਬਾ ਹੈ
ਵਿਹੜੇ ਦੀਆਂ ਗਲੀਆਂ ਵਿਚ
ਹਰ ਕੋਈ ਅਮਨ ਵੇਚ ਰਿਹਾ
ਬੈਠਾ ਪੁੜੀਆਂ ਵਿਚ ।

ਬਾਹਰ ਟਿੱਲੇ ਤੇ ਰਹਿੰਦਾ ਮਲੰਗ
ਕਦੀ ਕਦੀ ਗਲੀਆਂ ਵਿਚ ਫੇਰੀ ਪਾਉਂਦਾ ਹੈ
ਮੁੱਠਾਂ ਖੁਲਵਾ ਕੇ ਨੰਦਨੀ ਤੋਂ
ਵਿਹੜੇ ਦੀ ਕਿਸਮਤ ਦਿਖਾਉਂਦਾ ਹੈ,
ਟਿਲੇ ਤੇ ਲਾ ਸ਼ਿਵ-ਚੌਂਤਰੀ
ਹੱਸ ਰਿਹਾ ਫ਼ਕੀਰ
ਬਦਬੂ ਲਾਸ਼ਾਂ ਦੀ ਛੁਪਾ ਰਿਹਾ
ਧੂੜ ਕੇ ਅਬੀਰ ।

ਮਾਸੂਮਾਂ ਦੇ ਖ਼ੂਨ ਨਾਲ
ਇਹ ਧਰਤੀ ਹੀ ਰੰਗ ਦਿਤੀ

ਖੁੰਦਰਾਂ 'ਚੋਂ ਲਿਆ ਕੇ ਤਹਿਜ਼ੀਬ
ਦੇਖੋ ਸਲੀਬਾਂ ਤੇ ਟੰਗ ਦਿਤੀ ।

ਲਗਦਾ ਏ ਮੰਜ਼ਲ ਦੇ ਇਸ ਪੜਾ ਤੇ ਰਾਹੀ
ਪਿਛਾਂਹ ਨੂੰ ਮੁੜ ਪਏ
ਕੱਲ ਜੋ ਛੱਡ ਆਏ ਸੀ
ਉਨ੍ਹਾਂ ਹੀ ਗੁਫਾਵਾਂ ਨੂੰ ਤੁਰ ਪਏ
ਮੇਰੇ ਵਿਹੜੇ ਦੇ ਲੋਕ
ਪਿਛਾਂਹ ਨੂੰ ਮੁੜ ਪਏ ।

## ਸੰਗਤਰਾਸ਼

ਸੰਗਤਰਾਸ਼ ਉਠ
ਨਾ ਆਪੇ ਨੂੰ ਮਾਰ
ਐਵੇਂ ਨਾ ਡਰਦਾ ਲੁਕ
ਬਣਾ ਇਹ ਵੀ ਮੱਮਤਾ ਦਾ ਬੁੱਤ
ਲੁਟਕੀ ਧੌਣ ਤੇ ਛਾਤੀ ਚੋਂ ਸਿੰਮਦਾ ਖ਼ੂਨ
ਲਾਲ ਸੁਰਖ ਹੋਈ ਗੋਦ ਵਿਚ
ਇਕ ਤੜਫਦਾ ਮਾਸੂਮ ।

ਬਣਾ ਇਹ ਦੋ ਪਲ ਦੀ
ਸੁਹਾਗਣ ਦਾ ਬੁੱਤ
ਘੜ ਡੋਲੀ ਵਰਗੀ ਸੀੜੀ
ਕਫ਼ਨ ਸਾਲੂ ਵਰਗਾ ਰੰਗ
ਮਾਂਗੋਂ ਚੋਂਦਾ ਲਹੂ ਤੇ
ਵੀਣੀ ਖੁੱਭੀ ਵੰਗ ।

ਦਿਖਾ, ਤਮਾਸ਼ਾ ਵੇਖਦੇ ਕੁੱਝ ਲੋਕ
ਤੇ ਉਪਰ ਉੱਡਦੀ ਗਿੱਧ
ਲਟਕੀ ਹੋਈ ਇਕ ਲਾਸ਼ ਵਿਚਾਲੇ
ਸੜਕ ਤੇ ਜੰਮੀ ਮਿੱਝ ।



ਹੋਵੇ ਇਕ ਨਮੂਨਾ ਖਾਸ
ਲਾਸ਼ਾਂ ਦੇ ਢੇਰ ਤੇ ਬੈਠੇ ਕੁਝ ਇਨਸਾਨ
ਚਰੂੰਡਦੇ ਹੋਏ ਨਵ-ਜੰਮੇ ਬੱਚੇ ਦਾ ਮਾਸ

ਕਰ ਪੁੱਠੇ ਡੇਲੇ ਝਾਕਦੇ
ਨਾਲ ਖ਼ੂਨ ਬਰਾਛਾਂ ਰੰਗੀਆਂ
ਹੱਡੀਆਂ ਦਾ ਲਾਵਣ ਝੋਕਦੇ
ਰੱਤ ਕਾੜਨ ਲੈ ਕੇ ਹਾਂਡੀਆਂ ।

ਤੇਰੇ ਬਣਾਏ ਇਹ ਸਾਰੇ ਬੁੱਤ
ਆਉਣ ਵਾਲੀਆਂ ਨਸਲਾਂ ਲਈ
ਅਜੂਬਾ ਹੋਣਗੇ
ਉਹ ਦੇਖ ਹੋਣਗੇ ਸ਼ਰਮਸਾਰ
ਇਹ ਸੋਚ ਰੋਣਗੇ
ਕਿ ਉਹਨਾਂ ਦੇ ਵਿਰਸੇ ਵਿਚ
ਵੀਹਵੀਂ ਸਦੀ ਵਿਚ
ਵੀ ਇਹੋ ਜਿਹੇ ਇਨਸਾਨ ਸਨ !

## ਚੰਦਰੀ ਰੁੱਤ

ਕਿਹੜੀ ਰੁੱਤ ਚੰਦਰੀ ਦਾ ਫੇਰਾ
ਦਸੀਂ ਯਾਰਾ ਮੇਰੇ ਗਿਰਾਂ ।

ਸੁੰਨੇ ਸੁੰਨੇ ਰਾਹ ਪਿੰਡਾਂ ਦੇ
ਜਿਉਂ ਚੁੱਪ ਸਿਵਿਆਂ ਦੀ ਹੋਵੇ
ਕਿਹੜੇ ਰੁੱਖੋਂ ਝੜੀਆਂ ਸੂਲਾਂ
ਰਾਹੀ ਬੈਠਾ ਰੋਵੇ
ਮੰਜ਼ਿਲ ਕੋਲ ਵਸੇਂਦਿਆ
ਕਿਉਂ ਹੋਇਆ ਪੰਧ ਲੰਮੇਰਾ...

ਕੌਣ ਹਤਿਆਰਾ, ਖੋਹ ਖੋਹ ਹਾਸੇ
ਵੰਡਦਾ ਹੰਝੂ ਖਾਰੇ,

ਕੌਣ ਵਪਾਰੀ ਕਫ਼ਨ ਵੇਚੇ
ਲਾ ਮਹਿੰਦੀ ਦੇ ਲਾਰੇ,
ਸਥਾਂ ਵਿਚੋਂ ਲੁਟ ਲਈ ਰੌਣਕ
ਗਲੀਆਂ ਫਿਰੇ ਲੁਟੇਰਾ
ਦਸੀਂ ਯਾਰਾ ਮੇਰੇ ਗਰਾਂ
ਕਿਹੜੀ ਰੁੱਤ ਚੰਦਰੀ ਦਾ ਫੇਰਾ...

ਅੱਜ ਸੱਪਾਂ ਨੇ ਜੂਹਾਂ ਡੰਗੀਆਂ
ਧਰਤ ਵਿਹੁਲੀ ਹੋਈ
ਯਾਰ ਯਾਰਾਂ ਦੇ ਵੈਰੀ ਹੋ ਗਏ
ਡਬੀਂ ਜ਼ਹਿਰ ਲੁਕੋਈ
ਕਿਉਂ ਨਾਗਾਂ ਨੂੰ ਬੀਨ ਸੁਣਾਏ
ਟਿੱਲੇ ਬੈਠ ਸਪੇਰਾ।
ਦਸੀਂ ਯਾਰਾ ਮੇਰੇ ਗਰਾਂ...





## ਵੈਨਕੂਵਰ ਦਾ ਗੀਤ

ਨਵੀਂ ਨਵੇਲੀ ਦੇਸ਼ੋਂ ਆਈਏ ! ਤੈਨੂੰ ਸੈਰ ਕਰਾਵਾਂ।
ਦੁਨੀਆਂ ਦਾ ਅੱਤ ਸੁਹਣਾ ਨੱਗਰ ਵੈਨਕੂਵਰ ਦਿਖਲਾਵਾਂ।

ਸਿਰ 'ਤੇ ਇਸ ਦੇ ਨੀਲੇ ਪਰਬਤ, ਜਿੱਥੇ ਕੁਦਰਤ ਨੱਚੇ।
ਪੈਰਾਂ ਦੇ ਵਿੱਚ ਸੁੰਦਰ ਬੀਚਾਂ, ਜਿੱਥੇ ਸਾਗਰ ਹੱਸੇ।
ਇਸ ਨੂੰ ਦੇਖਣ ਦੇ ਲਈ ਅਪਣੇ, ਰਾਹ ਬਦਲੇ ਦਰਿਆਵਾਂ...

ਰੇਸ਼ਮ ਵਰਗੀਆਂ ਕੂਲੀਆਂ ਸੜਕਾਂ, ਉਤੇ ਲਾਈਨਾਂ ਲਾਈਆਂ।
ਆਣ ਜਾਣ ਲਈ ਵੱਖਰੇ ਕਰਕੇ, ਕਾਰਾਂ ਰਸਤੇ ਪਾਈਆਂ।
ਆ ਕਾਰ ਵਿੱਚ ਲੈ ਕੇ ਤੈਨੂੰ, ਮੈਂ ਹਵਾ ਹੋ ਜਾਵਾਂ...

ਤੇਰੇ ਹੁਸਨ ਦੇ ਵਾਂਗੂੰ ਇਸ ਦੀ, ਹੈ ਚਰਚਾ ਜੱਗ ਸਾਰੇ।
ਸੁਹਣੇ ਸੁਹਣੇ ਲੋਕ ਏਥੋਂ ਦੇ, ਲੱਗਦੇ ਬੜੇ ਪਿਆਰੇ।
ਤੇਰੇ ਕਾਲੇ ਕੇਸਾਂ ਵਰਗੀਆਂ, ਚੜ੍ਹੀਆਂ ਰਹਿਣ ਘਟਾਵਾਂ...

ਚੱਪੇ ਚੱਪੇ ਉਤੇ ਵਿੱਛੀਆਂ, ਹਰੇ ਘਾਹਾਂ ਦੀਆਂ ਦਰੀਆਂ।
ਕੁਦਰਤ ਰਾਣੀ ਬੰਨ੍ਹ ਕੇ ਆਈ, ਜਿਵੇਂ ਸਾੜ੍ਹੀਆਂ ਹਰੀਆਂ।
ਸੂਰਜ ਜਿਸ ਦਿਨ ਨਜ਼ਰੀਂ ਆਵੇ, ਦਿਲ ਭਰਦੇ ਸੰਗ ਚਾਵਾਂ...

ਲੋਹ ਰੱਸਿਆਂ ਤੇ ਪੁਲ ਲਟਕੇਂਦੇ ਖਿੱਚ ਕੇ ਤਾਰਾਂ ਤਣੀਆਂ।
ਸੀਮਿੰਟ ਅਰ ਸ਼ੀਸ਼ੇ ਦੇ ਨਾਲ ਤੱਕ ਇਮਾਰਤਾਂ ਬਣੀਆਂ।
ਅਰਸ਼ਾਂ ਨੂੰ ਇਹ ਮਾਰਨ ਜੱਫੇ. ਖੋਲ੍ਹ ਖੋਲ੍ਹ ਕੇ ਬਾਹਵਾਂ...

ਵਿੱਚ ਅਸਮਾਨੇ ਚੱਲਦੀਆਂ ਰੇਲਾਂ, ਬਿਨ ਬਾਬੂ ਬਿਨ ਟੀਟੀ।
ਆਪੇ ਚੱਲਣ, ਰੁਕਣ ਆਪੇ, ਨਾ ਸਿਗਨਲ ਨਾ ਸੀਟੀ।
ਆਪੇ ਖੁੱਲ੍ਹਦੇ ਲੱਗਦੇ ਬੂਹੇ, ਮੱਲ ਆਪਣੀਆਂ ਥਾਵਾਂ...

ਕੱਢ ਕੇ ਪਾ ਕੋਈ ਸੂਟ ਗੁਲਾਬੀ, ਜੋ ਰੰਗ ਦੇ ਸੰਗ ਮਿਲ ਜੇ।
ਦਿਨ ਜੁਆਨੀ ਦੇ ਸਦਾ ਨੀ ਰਹਿਣੇ, ਚਾਅ ਕਰ ਪੂਰੇ ਦਿਲ ਦੇ।
ਚੱਲ ਮੇਨ ਤੇ ਤੈਨੂੰ ਅੜੀਏ, ਸੋਨੇ ਵਿਚ ਮੜ੍ਹਾਵਾਂ...

ਮਿਹਰ ਰੱਬ ਨੇ ਕੀਤੀ ਅੜੀਏ! ਭਰ ਲਏ ਖੂਬ ਖ਼ਜ਼ਾਨੇ।
ਦੋ ਦੋ ਸ਼ਿਫਟਾਂ ਲਾਈਆਂ ਕੰਮ ਤੇ ਤੇਰੇ ਲਈ ਰਕਾਨੇ।
ਤੇਰੇ ਨਾਲ ਮੇਰੀਆਂ ਚੰਨੀਏ, ਚਾਰ ਹੋ ਗਈਆਂ ਬਾਹਵਾਂ...

ਚੱਲ ਦਿਖਾਵਾਂ ਤੈਨੂੰ ਮੈਂ ਅੱਜ, ਪੀ. ਐਨ. ਈ. ਦਾ ਮੇਲਾ।
ਸਟੈਨਲੇ ਪਾਰਕ ਵਿੱਚ ਦੇਖੀਏ, ਜਾ ਮੱਛੀਆਂ ਦਾ ਖੇਲਾ।
ਬਰਨਬੀ ਮਾਊਂਟਨ ਪਾਰਕ ਚੜ੍ਹ ਕੇ, ਤੈਨੂੰ ਪੀਂਘ ਝੂਟਾਵਾਂ...

ਚੱਲ ਦਿਖਾਵਾਂ ਪਰਬਤ ਤੈਨੂੰ ਚੜ੍ਹ ਸੀਮੋਰ ਦੇ ਉਤੇ।
ਜਿੱਥੇ ਬਰਫ਼ ਦੀ ਚਾਦਰ ਲੈ ਕੇ ਲੱਖਾਂ ਪੱਥਰ ਸੁੱਤੇ।
ਵੈਨਕੂਵਰ ਇਉਂ ਦਿੱਸੇ ਉਥੋਂ, ਡੂੰਘੀਆਂ ਜਿਵੇਂ ਗੁਫ਼ਾਵਾਂ..

'ਚੰਦ' ਤੇਰੇ ਦੀ ਰੀਝ ਚਰੋਕੀ ਉਹ ਦਿਨ ਹੈ ਅੱਜ ਆਇਆ।
ਜ਼ਿੰਦਗੀ ਦਾ ਹਰ ਸਾਹ ਸੁਹਣੀਏ, ਤੇਰੇ ਨਾਂ ਕਰਵਾਇਆ।
ਪਲਕਾਂ ਵਿੱਚ ਬਿਠਾ ਕੇ ਤੈਨੂੰ ਤਲੀ ਤੇ ਚੋਗ ਚੁਗਾਵਾਂ...

## ਜੋ ਕੱਲ ਸਾਡੇ ਯਾਰ ਕੁੜੇ !

ਅੱਜ ਉਹ ਗੈਰਾਂ ਦੇ ਸੰਗ ਫਿਰਦੇ, ਜੋ ਕੱਲ੍ਹ ਸਾਡੇ ਯਾਰ ਕੁੜੇ।
ਸਾਡੀ ਖ਼ਾਤਰ ਮਰ ਮਿੱਟਣ ਦੇ, ਜਿਨ ਕੀਤੇ ਇਕਰਾਰ ਕੁੜੇ।

ਸੂਰਜ ਓਹੀ, ਧਰਤੀ ਓਹੀ, ਬਦਲੀ, ਰੁੱਤ ਪਿਆਰਾਂ ਦੀ।
ਹੁਣ ਮਤਲਬ ਦੇ ਪੇਟੋਂ ਜੰਮਦੀ ਯਾਰੀ ਅੱਜ ਦੇ ਯਾਰਾਂ ਦੀ।
ਮਤਲਬ ਵੇਲੇ ਫੁੱਲਾਂ ਵਰਗੇ, ਮਤਲਬ ਪਿਛੋਂ ਖਾਰ ਕੁੜੇ...



ਅੱਜ ਉਹ ਲੱਤਾਂ ਮਾਰਨ ਲੱਗੇ, ਭੈੜੇ ਮੇਰੀ ਰੋਟੀ ਨੂੰ।
ਹੱਥਾਂ ਵਿੱਚ ਜੋ ਲੈ ਲੈ ਘੁੱਟੇ ਹੱਥ, ਉਹ ਜਾਂਦੇ ਸੋਟੀ ਨੂੰ।
ਖੋਲ੍ਹ ਕੇ ਬਾਹਾਂ ਪਾ ਪਾ ਜੱਫੀਆਂ, ਜਿਨ ਕੀਤਾ ਸੀ ਪਿਆਰ ਕੁੜੇ ..

ਮਿੱਤਰ ਜਾਣ ਕੇ ਅਸੀਂ ਉਨ੍ਹਾਂ ਨੂੰ, ਦਿਲ ਦੇ ਭੇਦ ਸੁਣਾ ਦਿੱਤੇ।
ਜਿਨ੍ਹਾਂ ਜਾ ਕੇ ਭੋਰਾ ਭੋਰਾ ਗੈਰਾਂ ਦੇ ਕੰਨ ਪਾ ਦਿੱਤੇ।
ਵਿਸ਼ਵਾਸਾਂ ਦੇ ਪਿੰਡੇ ਕੱਟ ਗਏ, ਬਣ ਕੰਡਿਆਲੀ ਤਾਰ ਕੁੜੇ...

ਮਾਂ ਮੇਰੀ ਨੇ ਮੱਥਾ ਚੁੰਮ ਕੇ, ਸੀਨੇ ਘੁੱਟ ਕੇ ਲਾਏ ਸੀ।
ਭੈਣ ਮੇਰੀ ਨੇ ਬੰਨ੍ਹ ਰੱਖੜੀਆਂ, ਵੀਰੇ ਆਖ ਬੁਲਾਏ ਸੀ।
ਕਿਹੜਾ ਟੂਣਾ ਟੱਪ ਗਈ ਦੁਨੀਆਂ; ਮੋਏ ਸਭ ਸਤਿਕਾਰ ਕੁੜੇ...

ਬੇ-ਕਾਨੂੰਨਾ ਕੰਮ ਕਰਨ ਤੋਂ, ਅਸੀਂ ਤੇ ਨੰਨਾ ਪਾ ਬੈਠੇ।
ਇਸੇ ਗੱਲ ਤੇ ਮਿੱਤਰ ਸਾਡੇ, ਆਪਣਾ ਰੰਗ ਵਟਾ ਬੈਠੇ।
ਸਭੇ ਮੁਹੱਬਤਾਂ ਚਾਕ ਕਰ ਗਿਆ ਸਾਡਾ ਇਕ ਇਨਕਾਰ ਕੁੜੇ...

ਰੰਗੇ ਹੱਥੀਂ ਫੜ ਲਏ ਜਦ ਉਹ, ਘਰ ਆ ਕੇ ਸਰਕਾਰਾਂ ਨੇ।
ਆਖਣ 'ਚੰਦ' ਨੇ ਕਰੀ ਮੁਖਬਰੀ ਊਜ ਲਾਈ ਦਿਲਦਾਰਾਂ ਨੇ।
ਸ਼ੱਕ ਨੇ ਸਾਰੇ ਜੱਗ ਨੂੰ ਜਿੱਤਿਆ, ਸੱਚ ਪਿਆ ਮੂੰਹ ਭਾਰ ਕੁੜੇ...

## ਚਾਰ ਬੋਲੀਆਂ

### 1.

ਪਿੰਡਾਂ ਵਿਚੋਂ ਪਿੰਡ ਸੁਣੀਂਦਾ
ਪਿੰਡ ਸੁਣਿਆ ਫਰਵਾਹੀ
ਓਸ ਪਿੰਡ ਦੇ ਮੁੰਡੇ ਸੁਣੀਂਦੇ
ਜਿਦ ਜਿਦ ਕਰਦੇ ਵਾਹੀ
ਦੇਖ ਜਵਾਨੀ ਫਸਲਾਂ ਉੱਤੇ
ਰਾਹ ਭੁੱਲ ਜਾਂਦੇ ਰਾਹੀ
ਖੜੀਆਂ ਉਥੇ ਕਣਕ ਕਪਾਹਾਂ
ਜਿੱਥੇ ਸਰਕੜਾ ਕਾਹੀ

ਫੁੱਟੀਆਂ ਮੈਂ ਚੁਗਦੀ
ਹਾਸੇ ਚੁਗਦਾ ਮਾਹੀ
ਫੁੱਟੀਆਂ ਮੈਂ ਚੁਗਦੀ...

2.

ਆਇਆ ਬੰਦਾ ਤੁਰੀ ਜ਼ਨਾਨੀ
ਦਿਨ, ਰਾਤ ਗਏ ਵੰਡੇ
ਚੰਮ ਜਾਏ ਪਰ ਕੰਮ ਨਾ ਜਾਏ
ਕੰਮ ਨੇ ਐਸੇ ਚੰਡੇ
ਭੁੱਖ ਲੱਗੀ ਤਾਂ ਗਿਆ ਕਿਚਨ ਨੂੰ
ਖਾਧੇ ਫੁਲਕੇ ਠੰਢੇ ।
ਬੇਹੇ ਟੁੱਕੜ ਚੁਭਦੇ ਗਲ ਵਿੱਚ
ਜਿਉਂ ਥੋਹਰ ਦੇ ਕੰਢੇ
ਨਾ ਕਿਸੇ ਨੇ ਕੱਟੀਆਂ ਮੂਲੀਆਂ
ਕਿਸੇ ਨਾ ਕੱਟੇ ਗੰਢੇ ।
ਉਠ ਆਪੇ 'ਚੰਦ' ਚਾਹ ਬਣਾਈ
ਆਪ ਉਬਾਲੇ ਅੰਡੇ
ਦੁੱਖ ਪਰਦੇਸਾਂ ਦੇ
ਵਹੁਟੀ ਹੁੰਦਿਆਂ ਰੰਡੇ
ਦੁੱਖ ਪਰਦੇਸਾਂ ਦੇ...

3.

ਮਾਪੇ ਕਹਿੰਦੇ ਕੁੜੀ ਕਨੇਡਾ
ਮੈਂ ਪਈ ਨਰਕ ਹੰਢਾਵਾਂ
ਦਿਨੇ ਹੋਟਲ ਵਿਚ ਧੋਵਾਂ ਭਾਂਡੇ
ਰਾਤੀਂ ਦਾਲ ਬਣਾਵਾਂ
ਸਾਰਾ ਟੱਬਰ ਦੇਖੇ ਟੀ.ਵੀ.

ਮੈਂ ਪਈ ਰੋਟੀ ਲਾਹਵਾਂ
ਪਾ ਪਾ ਰੋਟੀ ਮੂਹਰੇ ਧਰਦੀ
ਫਿਰ ਵੀ ਝਿੜਕਾਂ ਖਾਵਾ
ਬਿਨਾਂ ਕਸੂਰੋਂ ਧੌੜੀ ਲਹਿੰਦੀ



ਕੁੱਟ ਕੁੱਟ ਭੰਨੀਆਂ ਬਾਹਵਾਂ
ਕੋਈ ਨਾ ਦਿਲ ਦਾ ਦਰਦੀ ਇਥੇ
ਜਿਸ ਨੂੰ ਦੁੱਖ ਸੁਣਾਵਾਂ
ਖਿੱਚ ਕੈਨੇਡਾ ਦੀ
ਭੁੱਲ ਕੇ ਲਈਆਂ ਲਾਵਾਂ
ਖਿੱਚ ਕੈਨੇਡਾ ਦੀ...

4.

ਦਿੱਲੀ ਤੋਂ ਮੈਂ ਚੜ੍ਹਿਆ ਜੰਬੋ,
ਵੈਨਕੂਵਰ ਆ ਲਾਹਿਆ
ਆਉਂਦਿਆਂ ਲੱਗੀਆਂ ਹੋਣ ਦਾਅਵਤਾਂ
ਰੱਜ ਪੀਤੀ ਰੱਜ ਖਾਇਆ
ਪੈਰ ਭੋਇੰ ਤੇ ਲੱਗਣ ਨਾ ਦਿੱਤਾ
ਕਾਰਾਂ ਵਿੱਚ ਘੁੰਮਾਇਆ
ਚੌਥੇ ਹਫਤੇ ਬੰਨ੍ਹ ਕੇ ਚਮੜਾ
ਮਿੱਲ ਵਿਚ ਆਣ ਖੜਾਇਆ
ਅੱਖ ਦੇ ਫੋਰ 'ਚ ਮੇਰੇ ਅੱਗੇ
ਫੱਟਿਆਂ ਦਾ ਹੜ ਆਇਆ
ਇੱਕ ਨੂੰ ਖਿੱਚਾਂ ਦੋ ਆ ਜਾਂਦੇ
ਮੂਹਰੇ ਟਿੱਬਾ ਲਾਇਆ
ਢਿੱਡ ਮੇਰੇ ਵਿੱਚ ਪੱਕੀਆਂ ਧਰਨਾਂ
ਮੂੰਹ ਨੂੰ ਕਾਲਜਾ ਆਇਆ
ਸਿਰ ਵਿਚੋਂ 'ਚੰਦ' ਚੋਵੇ ਮੁੜ੍ਹਕਾ
ਅੱਖੀਂ ਨ੍ਹੇਰਾ ਛਾਇਆ
ਥੋੜਾ ਖਾ ਲੈਂਦਾ
ਕਿਉਂ ਪਰਦੇਸੀਂ ਆਇਆ
ਥੋੜਾ ਖਾ ਲੈਂਦਾ...

# ਅਮਨਪਾਲ ਸਾਰਾ

## ਜਨੂੰਨ

ਇੱਕ ਤਲਵਾਰ ਹੈ,
ਜੋ ਕਤਲ ਕਰਨ ਵੇਲੇ ਕਮਜ਼ੋਰ ਜਾਂ ਬਲਵਾਨ ਨਹੀਂ ਦੇਖਦੀ
ਇੱਕ ਅੱਗ ਹੈ,
ਜੋ ਜਲਾਉਣ ਵੇਲੇ ਘਰ ਜਾਂ ਦੁਕਾਨ ਨਹੀਂ ਦੇਖਦੀ
ਇੱਕ ਸੱਪਣੀ ਹੈ
ਜੋ ਡੱਸਣ ਵੇਲੇ ਬੱਚਾ ਜਾਂ ਜਵਾਨ ਨਹੀਂ ਦੇਖਦੀ

ਇਨਸਾਨੀ ਦਿਮਾਗ ਦੀ ਇੱਕ ਸ਼ੈਤਾਨੀ ਸੋਚ ਹੈ
ਜੋ ਇਨਸਾਨ ਨੂੰ ਇਨਸਾਨ ਨਹੀਂ ਦੇਖਦੀ
ਅੱਖਾਂ ਅੱਗੇ ਇੱਕ ਕਾਲੀ ਐਨਕ ਹੈ
ਜੋ ਦੁਸ਼ਮਣ ਅਤੇ ਦੋਸਤ ਦੀ ਪਹਿਚਾਨ ਨਹੀਂ ਦੇਖਦੀ
ਇੱਕ ਹਨੇਰੀ ਹੈ
ਜੋ ਉਡਾਉਣ ਵੇਲੇ ਕਿਣਕਾ ਜਾਂ ਚੱਟਾਨ ਨਹੀਂ ਦੇਖਦੀ।

## ਲੋੜ

ਹਰ ਵਕਤ
ਕੋਰੇ ਕਾਗਜ਼ਾਂ ਦੇ ਸੀਨੇ
ਕਲਮ ਵਾਹੁਣੀ ਹੀ ਕਾਫ਼ੀ ਨਹੀਂ ਹੁੰਦੀ
ਕਦੇ ਕਦੇ



ਕਲਮ ਫਿਰੇ ਕਾਗਜ਼ਾਂ ਨੂੰ

ਲਗਾ ਕੇ ਹਿੱਕ ਪੁਰ
ਕਦਮ ਪੁੱਟਣ ਦੀ ਭੀ ਲੋੜ ਹੁੰਦੀ ਹੈ

ਘੁਣ ਲੱਗਾ ਹੈ ਜੜ੍ਹਾਂ ਨੂੰ
ਕੋਈ ਇਲਾਜ਼ ਕਰੋ—
ਤੁਸੀਂ ਘੁਣ ਦੀ ਹੀ ਡੌਂਡੀ ਪਿੱਟਦੇ ਰਹੇ
ਛਾਂਗ ਗਿਆ ਕਰੂੰਬਲਾਂ ਅਤੇ ਟਾਹਣੀਆਂ
ਪਰਲੀ ਹੱਦੋਂ ਆ ਭੇਡਾਂ ਦਾ ਆਜੜੀ
ਕਦੇ ਕਦੇ ਇੱਜੜਾਂ ਦੇ ਰੁਖ਼
ਮੋੜਨ ਦੀ ਵੀ ਲੋੜ ਹੁੰਦੀ ਹੈ।

## ਇਲਾਜ

ਨਾ ਲੱਭੋ ਨਵੀਆਂ ਬੀਮਾਰੀਆਂ ਦਾ
ਪੁਰਾਣੀਆਂ ਪੋਥੀਆਂ ਵਿੱਚ ਇਲਾਜ
ਹੁੰਦਾ ਨਾ ਨਵੇਂ ਮਰਜ਼ਾਂ ਦਾ ਡੰਗਿਆ
ਪੁਰਾਣੇ ਨੁਸਖਿਆਂ ਨਾਲ ਬਹਾਲ।

ਸਤਯੁੱਗ ਦੇ ਖਰਚਿਆਂ ਦਾ ਨਾ ਲੱਭੋ
ਕਲਯੁੱਗ ਦੇ ਖਾਤਿਆਂ ਵਿੱਚ ਹਿਸਾਬ
ਨਾ ਦੇਖੋ ਸਹਿਕਦੇ ਘੋੜੇ ਨੂੰ
ਸੂਸ਼ਕ ਮਾਰ ਕੇ ਨਠਾਉਣ ਦਾ ਖ਼ੁਆਬ
ਤਵਾਰੀਖ ਦਾ ਚਰਖਾ ਸਿੱਧਾ ਹੀ ਕੱਤੇ
ਨਹੀਉਂ ਘੁੰਮਦਾ ਉਲਟਾ ਇਹ ਜਨਾਬ
ਬਾਰੂਦ ਦੇ ਧਮਾਕਿਆਂ ਵਿੱਚ ਨਾ ਦੱਬਦੀ
ਚੇਤਨਾ ਨੂੰ ਟੁੰਬਣ ਵਾਲੀ ਆਵਾਜ਼
ਨਾ ਲੱਭੋ ਨਵੀਆਂ ਬੀਮਾਰੀਆਂ ਦਾ
ਪੁਰਾਣੀਆਂ ਪੋਥੀਆਂ ਵਿੱਚ ਇਲਾਜ...

ਇਨਸਾਨ ਖ਼ੁਦ ਪੈਦਾ ਕਰ ਬੈਠਾ ਇਨ੍ਹਾਂ ਨੂੰ

ਪਰ ਇਹ ਅੱਥਰੇ ਦਰਿੰਦੇ ਐਸੇ ਖਰਾਬ
ਜਨਮ ਤੋਂ ਲੈ ਕੇ ਅੱਜ ਤੱਕ
ਰੱਤੇ ਕੀਤੇ ਇਨ੍ਹਾਂ ਹਜ਼ਾਰਾਂ ਚਨਾਬ
ਤਾਣ ਕੇ ਇੰਦਰ ਜਾਲ ਬੈਕੁੰਠ ਤੋਂ ਨਿਰਵਾਣ ਤੱਕ
ਰੰਕ ਤੋਂ ਬਣ ਗਏ ਕਈ ਨਵਾਬ
ਪਰ ਕੋਈ ਨਾ ਹਟਾ ਸਕਿਆ
ਯੁੱਗਾਂ ਤੋਂ ਰਿਸਦੇ ਕੋੜ੍ਹੀ ਪਿੰਡੇ ਦੀ ਖਾਜ
ਨਾ ਲੱਭੇ ਨਵੀਆਂ ਬੀਮਾਰੀਆਂ ਦਾ
ਪੁਰਾਣੀਆਂ ਪੋਥੀਆਂ ਵਿੱਚ ਇਲਾਜ
ਹੁੰਦਾ ਨਾ ਨਵੇਂ ਮਰਜ਼ਾਂ ਦਾ ਡੰਗਿਆ
ਪੁਰਾਣੇ ਨੁਸਖਿਆਂ ਨਾਲ ਬਹਾਲ ।

## ਸਨੋਅ ਅਤੇ ਗਾਰਾ

ਇਹ ਸ਼ਹਿਰ
ਜੋ ਸ਼ਾਇਦ ਹੁਣ ਮੇਰਾ ਹੀ ਹੈ ।
ਦੁਧੀਆ ਰੰਗੀ
ਬਰਫ਼ ਦੀ ਰਜ਼ਾਈ ਥੱਲੇ
ਅੱਜ
ਉਕੜੂੰ ਬੈਠਾ ਹੈ

ਮੇਰੇ ਕਮਰੇ ਦੀ ਤਾਕੀ ਦੇ ਬਾਹਰ
ਸ਼ੀਸ਼ੇ ਵਰਗੀ
ਤਿਲਕਦੀ ਸੜਕ ਉਪਰ
ਕੋਈ ਕੋਈ ਕਾਰ
ਅੜੀਅਲ ਟੱਟੂ ਵਾਂਗ
ਥੋਂਹੇ ਸੜਕ ਪੱਟਦੀ
ਖੜ ਜਾਂਦੀ ਹੈ ।

ਗਰਮ ਨਿੱਘੀਆਂ ਜੈਕਟਾਂ ਪਾਈ



ਹੱਥਾਂ ਵਿੱਚ ਦਸਤਾਨੇ
ਸਿਰ ਉਪਰ ਫ਼ਰ ਦੇ ਟੋਪੇ ਲਾਈ
ਬਰਫ਼ ਦਾ ਸਨੋਅ ਮੈਨ ਬਣਾਈ
ਇੱਕ ਦੂਜੇ ਵੱਲ ਬਰਫ਼ ਦੇ ਗੋਲੇ ਵਰ੍ਹਾਈ
ਹੰਸੂ ਹੰਸੂ ਕਰਦੇ
ਗੁੱਭਲ ਜਿਹੇ ਚਿਹਰਿਆਂ ਵਾਲੇ
ਗੁਲਾਬ ਰੰਗੇ ਜੁਆਕ
ਅੜੀਅਲ ਕਾਰ ਨੂੰ ਧੱਕਾ ਲਾਉਂਦੇ
ਕਾਰ ਤੋਰਨ ਤੋਂ ਬਾਅਦ
ਕਿਲਕਾਰੀ ਮਾਰ ਕੇ ਨੱਚਦੇ ਗਾਉਂਦੇ
ਕੁੱਝ, ਚਿਰੀਂ ਆਪਣੇ ਘਰੀਂ ਜਾ ਵੜਦੇ
ਅੰਦਰੋਂ ਕੁੱਝ ਖਾਂਦੇ, ਕੁੱਝ ਖਲਾਰਦੇ
ਬਾਹਰ ਨੂੰ ਆਉਂਦੇ

ਬਰਫ਼ ਤੋਂ ਫਿਸਲਦੀ ਫਿਸਲਦੀ ਨਜ਼ਰ ਮੇਰੀ
ਇੱਕ ਦੁਰੇਡੀ ਬਸਤੀ ਜਾ ਵੜਦੀ
ਜੋ ਸ਼ਾਇਦ ਨਹੀਂ ਹੁਣ ਮੇਰੀ
ਪਰ ਅਜੇ ਭੀ ਮੈਨੂੰ
ਆਪਣੀ ਆਪਣੀ ਲਗਦੀ

ਕੱਚੀ ਫਿਰਨੀ ਵਿੱਚ ਗਾਰਾ ਹੀ ਗਾਰਾ
ਵਿੱਚ ਗਾਰੇ ਪਹੀਆਂ ਦੀਆਂ ਲੀਹਾਂ
ਇੱਕ ਪੁਰਾਣੀ ਬੱਸ
ਜੋ ਹਰ ਸਵੇਰੇ ਅੜਾਂਦੀ ਅੜਾਂਦੀ
ਸਵਾਰੀਆਂ ਲੈ ਕੇ ਸ਼ਹਿਰ ਨੂੰ ਜਾਂਦੀ
ਸ਼ਾਮ ਢਲੇ
ਵਿੱਚਕੂ ਵਿੱਚਕੂ ਕਰਦੀ ਮੁੜ ਕੇ ਆਉਂਦੀ
ਕਦੇ ਕਦੇ ਪਹੇ ਦੀ ਲੀਹ ਵਿੱਚ
ਘਰਰ ਘਰਰ ਕਰਦੀ ਫਸ ਜਾਂਦੀ

ਛੋਟੇ ਵੱਡੇ ਨੰਗ ਧੜੰਗੇ
ਮਿੱਟੀ ਲਿਬੜੇ ਗਾਰੇ ਰੰਗੇ

ਰਲ ਮਿਲ ਬੱਸ ਨੂੰ ਧੱਕਾ ਲਾਉਂਦੇ
ਇੱਕ ਟੋਏ ਤੋਂ ਦੂਜੇ ਟੋਏ ਤੱਕ
ਬੱਸ ਦੇ ਪਿੱਛੇ
ਸੀਖਾਂ ਨਾਲ ਚੰਬੜੇ
ਝਾਟੀ ਲੈ ਕੇ
ਧੱਕੇ ਲਾ ਲਾ
ਬੱਸ ਨੂੰ ਪਾਰ ਲੰਘਾਉਂਦੇ

ਇਸ ਨਿੱਕੀ ਜਿਹੀ ਝਾਟੀ ਖ਼ਾਤਿਰ ਕਈ ਵਾਰੀ
ਇੱਕ ਦੂਜੇ ਨੂੰ
ਸੀਖਾਂ ਨਾਲੋਂ
ਫੜ ਫੜ ਥੱਲੇ ਲਾਹੁੰਦੇ
ਸਿਖਰ ਦੁਪਹਿਰੇ
ਭੁੱਖਣ ਭਾਣੇ
ਬਹਿ ਜਾਂਦੇ ਉਡੀਕਣ
ਬੱਸ ਆਈ ਕਿ ਆਈ ਜੀਕੁਣ

ਜਿਸ ਦਿਨ ਬੱਸ
ਟੋਏ ਵਿੱਚ ਨਾ ਅੜਦੀ
ਬੱਚਿਆਂ ਦੇ ਭਾਅਦੀ
ਦੁਨੀਆਂ ਸੜਦੀ
ਮੁਰਝਾਏ ਜਿਹੇ ਚਿਹਰੇ ਲਟਕਾਈ
ਗਾਰੇ ਦੇ ਨਿੱਕੇ ਨਿੱਕੇ ਭਾਂਡੇ ਬਣਾਈ
ਬਹਿ ਜਾਂਦੇ ਅਗਲਾ ਦਿਨ ਉਡੀਕਣ
ਬੱਸ ਆਈ ਤੇ ਅੜੀ ਜੀਕੁਣ ।



## ਅਮਰੀਕ ਪਲਾਹੀ

### ਪੰਜ ਗ਼ਜ਼ਲਾਂ

—ਇੱਕ—

ਲੋਕ ਤੇਰੇ ਸ਼ਹਿਰ ਦੇ ਬਦਨਾਮ ਨੇ ।
ਸ਼ਹਿਰ ਦੀ ਮੰਡੀ ਦੇ ਚਰਚੇ ਆਮ ਨੇ ।

ਰੋਸ਼ਨੀ ਵਿੱਚ ਕੋਲ ਪੁਸਤਕ ਧਰਮ ਦੀ,
ਰਾਤ ਨੂੰ ਹੱਥਾਂ 'ਚ ਰੱਖਦੇ ਜਾਮ ਨੇ ।

ਗੰਧ ਇਥੋਂ ਆ ਰਹੀ ਕਿਉਂ ਖ਼ੂਨ ਦੀ ?
ਇਹ ਤਾਂ ਦਾਨੀ ਸੱਜਣਾਂ ਦੇ ਨਾਮ ਨੇ ।

ਖ਼ਬਰ ਦੀ ਸੁਰਖੀ ਦੇ ਕਾਲੇ ਅਰਥ ਦੇ,
ਰੰਗ ਪੀਲੇ ਲਾ ਰਹੇ ਅਨੁਮਾਨ ਨੇ ।

ਉਨ੍ਹਾਂ ਦਾ ਵੀ ਹਸ਼ਰ ਇਹੋ ਹੋਏਗਾ,
ਪਰਦਿਆਂ ਦੇ ਅੱਜ ਜੋ ਮਹਿਮਾਨ ਨੇ ।

ਸੱਚ ਨੂੰ ਜੇਲਾਂ ਦੇ ਤਾਲੇ ਆਖਦੇ,
ਸ਼ਹਿਰ ਵਿੱਚ ਵੰਡੇ ਗਏ ਸਨਮਾਨ ਨੇ ।

—ਦੋ—

ਪਾ ਧਰਮਾਂ ਦਾ ਬਾਲਣ ਅੱਗ ਭਖਾਈ ਹੈ ।
ਹੱਕ ਦੇ ਨਾਂ ਤੇ ਕਿਸ ਨੇ ਦਹਿਸ਼ਤ ਪਾਈ ਹੈ ?

ਬੇ-ਬਸੀਆਂ ਦੀ ਬਰਕਤ ਦੇ ਵਣਜਾਰੇ ਹਾਂ,
ਇਲਮ ਵਿਹੂਣੀ ਸੋਚ ਗਈ ਪੱਥਰਾਈ ਹੈ ।

ਰੰਗ ਬਰੰਗੇ ਭੇਖ ਬਣਾ ਕੇ ਲੋਕਾਂ ਨੇ,
ਅਮਲਾਂ ਦੀ ਤੰਦ ਅਕਲਾਂ ਵਿੱਚ ਉਲਝਾਈ ਹੈ ।

ਜਦ ਵੀ ਬੰਦੇ ਹੱਥੋਂ ਬੰਦਾ ਮੋਇਆ ਏ,
ਦੋਸਤੀਆਂ ਦੇ ਸ਼ਹਿਰ ਦੁਸ਼ਮਣੀ ਜਾਈ ਹੈ ।

ਮੈਂ ਰਾਹਾਂ ਦੇ ਸੀਨੇ ਮਿਣਦਾ ਰਹਿੰਦਾ ਹਾਂ,
ਇੱਕੋ ਕੰਮ ਵਿੱਚ ਸਾਰੀ ਉਮਰ ਲੰਘਾਈ ਹੈ ।

ਸਾਡੇ ਘਰ ਜਦ ਚਿਣਗ ਤੁਰੀ ਕੁਰਬਾਨੀ ਦੀ,
ਸ਼ੁਹਰਤ ਦੀ ਪਗਡੰਡੀ ਤੱਕ ਹੀ ਆਈ ਹੈ ।

## —ਤਿੰਨ—

ਵਣਜ ਗਮਾਂ ਦਾ ਕਰ ਵਣਜਾਰੇ ਤੁਰ ਜਾਂਦੇ ।
ਰਹਿੰਦੇ ਨਹੀਂ ਇਹ ਸਦਾ ਸਹਾਰੇ ਤੁਰ ਜਾਂਦੇ ।

ਰੋਜ਼ ਰਾਤ ਨੂੰ ਚਾਨਣ ਵੰਡਣ ਆਉਂਦੇ ਹਨ,
ਪਹੁ ਫੁੱਟਣ ਤੋਂ ਪਹਿਲਾਂ ਤਾਰੇ ਤੁਰ ਜਾਂਦੇ ।

ਮੈਂ ਜ਼ਰਬਾਂ ਤਕਸੀਮਾਂ ਦੇ ਕੇ ਦੇਖ ਲਿਆ,
ਜਮ੍ਹਾਂ, ਘਟਾਉ ਕਰਦੇ ਸਾਰੇ ਤੁਰ ਜਾਂਦੇ ।

ਹਸਰਤ, ਹਿਰਖ, ਹਿਮਾਕਤ ਕੱਠੇ ਕਰਦੇ ਹਾਂ,
ਖੋਟੇ ਸਿੱਕੇ ਕਰਮਾਂ ਮਾਰੇ ਤੁਰ ਜਾਂਦੇ ।

ਭੁੱਖੀ ਕੁੱਖ ਜਦ ਨੰਗੇ ਅੱਖਰ ਜਣਦੀ ਏ,
ਝੱਖੜ ਆਉਂਦਾ, ਮਹਿਲ ਮੁਨਾਰੇ ਤੁਰ ਜਾਂਦੇ ।

ਦੂਰ ਰਹੇ ਜੋ ਬਣ ਖੁਸ਼ਬੋਈ ਰਾਹਾਂ ਦੀ,
ਨੇੜ ਨਾ ਆਉਂਦੇ, ਲਾ ਕੇ ਲਾਰੇ ਤੁਰ ਜਾਂਦੇ ।



## —ਚਾਰ—

ਧੌਣ ਜਦ ਜਾਬਰ ਦੇ ਅੱਗੇ ਝੁੱਕ ਗਈ ।
ਅਣਖ ਦੀ ਤਾਂ ਨਬਜ਼ ਯਾਰੋ ਰੁੱਕ ਗਈ ।

ਜੋ ਸੁਣਾਈ ਸੀ, ਸਮੇਂ ਨੇ ਦਾਸਤਾਨ,
ਕਲਮ ਦੀ ਸੁਣ ਕੇ ਸਿਆਹੀ ਮੁੱਕ ਗਈ ।

ਚੁੱਪ ਕਰਕੇ ਸੁਣ ਰਿਹਾ ਹੈ ਜੋ ਦੁਖਾਂਤ,
ਜਾਪਦਾ ਜਿਉਂ ਜੀਭ ਦੰਦੀਂ ਟੁੱਕ ਗਈ ।

ਹੱਕ ਦੇ ਨਕਸ਼ਾਂ ਨੂੰ ਜਿਸ ਨੇ ਚਿੱਤਵਿਆ,
ਰੌਸ਼ਨੀ ਉਸ ਅੱਖ ਦੀ ਹੀ ਮੁੱਕ ਗਈ ।

ਉਹਨਾਂ ਦੇ ਜਿੱਗਰੇ ਵੀ ਗਿੱਦੜਾਂ ਵਾਂਗ ਸੀ,
ਬੁਜ਼ਦਿਲੀ ਸਾਡੀ ਤਦੇ ਹੀ ਲੁੱਕ ਗਈ ।

ਕੀ ਪਤਾ ਕੀ ਹਸ਼ਰ ਹੋਣਾ ਕੱਲ ਦਾ,
ਪਹੁੰਚ ਕੇ ਇੱਥੇ ਬਗਾਵਤ ਰੁੱਕ ਗਈ ।

## —ਪੰਜ—

ਦਗ਼ਾਬਾਜ਼ ਹਨ ਇੱਹ ਬੁੱਲੇ ਪੌਣ ਦੇ ।
ਜਾਪਦੀ ਪੱਤਝੜ ਮਹੀਨੇ ਸਾਉਣ ਦੇ ।

ਖੁਸ਼ੀ ਦੇ ਪੱਲ ਨੇ ਕੁਲੀਆਂ ਦੇ ਮੁਥਾਜ,
ਨਾ ਇਹ ਕਾਰੂ ਦੇ, ਨਾ ਇਹ ਰਾਉਣ ਦੇ ।

ਕਰਨ ਦੇ, ਸਧਰਾਂ ਦਾ ਕਤਲ ਕਰਨ ਦੇ,
ਬੇਵਫ਼ਾ ਨੂੰ ਵਫ਼ਾ ਤਾਂ ਅਜ਼ਮਾਉਣ ਦੇ ।

ਮਰ ਰਿਹਾ ਜੋ, ਸੱਚ ਹੋਣਾ ਬੋਲਦਾ,
ਜ਼ਿੰਦਗੀ ਦੇ ਅਰਥ ਤਾਂ ਸਮਝਾਉਣ ਦੇ ।

ਭੁਰ ਰਹੇ ਉਹ ਸੋਚ ਦਾ ਉੱਚਾ ਮਿਆਰ,
ਗੈਰ-ਮੁਲਕੀ ਫਲਸਫੇ ਅਪਨਾਉਣ ਦੇ ।

ਆਪਣਾ ਸ਼ੀਸ਼ਾ ਤੇ ਚਿਹਰਾ ਕਿਸੇ ਦਾ,
ਖੂਬ ਹਨ ਅੰਦਾਜ਼ ਇਹ ਸ਼ਰਮਾਉਣ ਦੇ ।

## ਸੁਸ਼ੀਲ ਕੌਰ

### ਦਿਲ

ਹੈ ਸ਼ਾਂਤ ਗੰਭੀਰ, ਵਿਸ਼ਾਲ ਬਹੁਤ, ਸਾਗਰ ਤੋਂ ਡੂੰਘਾ ਦਿਲ ਅਪਣਾ।
ਲੱਖਾਂ ਮਣ ਬੋਝ ਉਠਾ ਲੈਂਦਾ, ਪਰ ਸੀ ਨਹੀਂ ਕਰਦਾ ਦਿਲ ਅਪਣਾ।

ਦੂਜੇ ਦੀ ਖਾਤਰ ਮਰ ਮਿਟਣਾ, ਇਸ ਲਈ ਕੋਈ ਔਖੀ ਖੇਡ ਨਹੀਂ,
ਦੂੱਜੇ ਦਾ ਜੂਲਾ ਗਲ ਅਪਣੇ, ਹੱਸ ਹੱਸ ਪਾ ਲੈਂਦਾ ਦਿਲ ਅਪਣਾ।

ਪਰ ਇਕ ਖੋਟੀ ਆਦਤ ਭੀ ਹੈ, ਬੜਾ ਅੜੀਅਲ ਬੜਾ ਹਠੀਲਾ ਏ,
ਜਦ ਮਨ ਮਾਨੀ ਤੇ ਆ ਜਾਏ, ਫਿਰ ਇਕ ਨਹੀਂ ਸੁਣਦਾ ਦਿਲ ਅਪਣਾ।

ਪਲ ਵਿੱਚ ਤਰਥੱਲ ਮਚਾ ਦਿੰਦਾ, ਸਭ ਉਲਟੀ ਪੁਲਟੀ ਕਰ ਦਿੰਦਾ,
ਲੱਖ ਮਿੰਨਤਾਂ, ਤਰਲੇ ਪਾਉਣ ਤੇ ਭੀ, ਇਹ ਬਾਜ਼ ਨਹੀਂ ਆਉਂਦਾ ਦਿਲ ਅਪਣਾ।

ਇਹ ਸ਼ਾਂਤ ਸਮੁੰਦਰੋਂ ਡੂੰਘਾ ਜਦ, ਬਰਸਾਤੀ ਨਦੀਆ ਬਣਦਾ ਏ,
ਹੱਦ ਬੰਨੇ ਤੋੜ, ਤਬਾਹੀ ਦੇ, ਰਸਤੇ ਪੈ ਜਾਂਦਾ ਦਿਲ ਅਪਣਾ।

ਕਦੇ ਵਾਅਦੇ, ਤੋੜ ਨਿਭਾਵਨ ਲਈ, ਕੁਰਬਾਨੀ ਜਾਨ ਦੀ ਦੇ ਦੇਵੇ,
ਕਦੇ ਵਾਅਦਾ ਕਰਕੇ ਮੂੰਹ ਮੋੜੇ, ਬੜੇ ਰੰਗ ਬਦਲਦਾ ਦਿਲ ਅਪਣਾ।

ਆਖੇ ਲਗ ਅਪਣੀ ਮਰਜ਼ੀ ਦੇ, ਝਟ ਪਟ ਰੰਗ ਅਪਣਾ ਬਦਲ ਲਵੇ,
ਜੋ ਖ਼ੂਨ ਨੂੰ ਚਿੱਟਾ ਕਰ ਦੇਵੇ, ਉਸ ਹੁਨਰ ਨੂੰ ਜਾਣੇ ਦਿਲ ਅਪਣਾ।

ਅੱਜ ਤਕ ਨਾ ਪਾਈ ਥਾਹ ਦਿਲ ਦੀ, ਕੋਈ ਸਮਝ ਲਗੀ ਨਾ ਸਾਰ ਲਗੀ,
ਹੈ ਉਲਝਣਦਾਰ ਪਹੇਲੀ ਇਹ, ਹੈ ਗੋਰਖ-ਧੰਦਾ ਦਿਲ ਅਪਣਾ।



### ਸਾਦਾ ਦਿਲ ਨਿਰਕਪਟ ਅਸੀਂ ਹਾਂ

ਜਦ ਭੀ ਤੂੰ ਇਸ ਪਿੰਡ ਵਿੱਚ ਆਇਆ
ਅਪਣੇ ਨਾਲ ਸੁਗੰਧ ਲਿਆਇਆ
ਇਸ ਖ਼ੁਸ਼ਬੂ ਦੇ ਇੱਕ ਝੋਂਕੇ ਨੇ,
ਸਾਡਾ ਸਾਰਾ ਪਿੰਡ ਮਹਿਕਾਇਆ।

ਤੂੰ ਕਿੰਨਾ ਭੀ ਲੁਕ ਛਿਪ ਕੇ ਬੈਠੇਂ,
ਤੇਰਾ ਪਤਾ ਸੁਗੰਧ ਇਹ ਦੇਂਦੀ
ਵੱਖਰੀ ਜਹੀ ਜੋ ਗੰਧ ਹੈ ਇਸ ਦੀ,
ਤੇਰਾ ਆਉਣ ਸੁਨੇਹਾ ਦੇਂਦੀ।

ਇਹ ਪਿੰਡ ਛੱਡ, ਨਾ ਹੋਰ ਥਾਂ ਜਾਵੀਂ,
ਸਾਂਝ ਵਧਾ ਲੈ ਨਾਲ ਅਸਾਡੇ
ਸਮਝ ਤੂੰ ਅਪਣੇ ਸਾਥੀ ਸਾਨੂੰ,
ਰਲ ਮਿਲ ਰਹਿ ਤੂੰ ਨਾਲ ਅਸਾਡੇ।

ਸਾਦਾ ਦਿਲ, ਨਿਰਕਪਟ ਅਸੀਂ ਹਾਂ,
ਵਲ ਛਲ ਤੋਂ ਹਾਂ ਬਿਲਕੁਲ ਕੋਰੇ
ਜੋ ਮਨ ਆਵੇ ਲਿਖੀਂ ਲਿਖਾਵਟ,
ਖੁਰਦਰੇ ਸਹੀ, ਪਰ ਹਾਂ ਅਸੀਂ ਕੋਰੇ।

### ਅਗਨ

ਕੈਸੀ ਜਲਨ ਲਗੀ ਦਿਲ ਅੰਦਰ,
ਸ਼ਾਂਤ ਨਾ ਹੋਵੇ ਵਧਦੀ ਜਾਵੇ
ਪਿੱਤਾ ਸੜਿਆ, ਖ਼ੂਨ ਰਿਹਾ ਨਾ,
ਕੋਈ ਨਾ ਇਸ ਨੂੰ ਆਣ ਬੁਝਾਵੇ।

ਹਾਰ ਕੇ ਮੈਂ ਜਾ ਵੜੀ ਮਸੀਤੇ,
ਮੁੱਲਾਂ ਨੂੰ ਮੈਂ ਹਾਲ ਸੁਣਾਇਆ
ਕਲਮਾ ਪੜ੍ਹ ਤਾਵੀਜ਼ ਜੋ ਦਿੱਤਾ,
ਉਹ ਤਾਵੀਜ਼ ਮੈਂ ਗਲ ਵਿੱਚ ਪਾਇਆ।

ਇਸ ਦਾ ਭੀ ਕੁਛ ਅਸਰ ਨਾ ਹੋਇਆ,
ਗਿਰਜੇ, ਮੰਦਿਰ ਟੱਲ ਖੜਕਾਏ
ਗੰਗਾ ਵਿੱਚ ਭੀ ਲਾਣੀ ਡੁਬਕੀ,
ਹਰਿ ਦੇ ਸਰ ਭੀ ਗੋਤੇ ਖਾਏ ।

ਕਿਸੇ ਤਰ੍ਹਾਂ ਭੀ ਬੁਝ ਨਾ ਸੱਕੀ,
ਇਹ ਪ੍ਰਚੰਡ ਹੋ ਭੜਕੀ ਜਾਏ
ਸਾੜ ਕੇ ਰਾਖ ਕਰੇਗੀ ਇਕ ਦਿਨ,
ਲਿਖੀ ਰੇਖ ਨੂੰ ਕੌਣ ਮਿਟਾਏ ।

## ਕਾਣੀ ਵੰਡ

ਰੂੜੀ ਫੋਲੇ ਪੇਟ ਭਰਨ ਲਈ,
ਇੱਕ ਸੁੱਕਾ ਕੁਮਲਾਇਆ ਬੱਚਾ
ਸਿਰ ਤੋਂ ਨੰਗਾ ਪੈਰੋਂ ਨੰਗਾ,
ਮੁੜ੍ਹਕੇ ਵਿੱਚ ਨਹਾਇਆ ਬੱਚਾ ।

ਸ਼ਾਇਦ ਹੈ ਇਹ ਕੋਈ ਮਾਂ ਵਿਹੂਣਾ,
ਸਿਰ ਤੇ ਨਹੀਂ ਬਾਪ ਦਾ ਸਾਇਆ
ਕਿੰਨੇ ਦਿਨ ਇਹ ਜੀ ਸੱਕੇਗਾ,
ਸੋਚ ਨੇ ਮੇਰਾ ਮਨ ਤੜਪਾਇਆ ।

ਇੱਕ ਬੰਗਲੇ ਪਾਸੋਂ ਮੈਂ ਗੁਜ਼ਰੀ,
ਘਾਹ ਨੂੰ ਮਾਲੀ ਪਾਣੀ ਲਾਵੇ
ਠੰਢੀ ਥਾਵੇਂ ਬੈਠਾ ਕੁੱਤਾ,
ਅਪਣੀ ਜੱਤਲ ਪੂਛ ਹਿਲਾਵੇ ।

ਬਿਸਕੁਟ ਦਾ ਇੱਕ ਡੱਬਾ ਨੌਕਰ,
ਕੁੱਤੇ ਅੱਗੇ ਆਣ ਰਖਾਵੇ
ਦੁੱਧ ਦੀ ਭਰੀ ਕਟੋਰੀ ਕੁੱਤਾ,
ਛਪ ਛੱਪ ਕਰਕੇ ਪੀਂਦਾ ਜਾਵੇ ।



ਵਾਹ ਕੁਦਰਤ ! ਤੇਰੀ ਇਹ ਵੰਡ,
ਕਿਹਾ ਤਮਾਸ਼ਾ ਤੈਨੂੰ ਸੁੱਝਾ
ਬੱਚਾ ਟੁੱਕਰ ਨੂੰ ਪਿਆ ਤਰਸੇ,
ਏਧਰ ਬਿਸਕੁਟ ਖਾਵੇ ਕੁੱਤਾ ।

ਕੀ ਇਹ ਭੀ ਕਿਸਮਤ ਦੀਆਂ ਖੇਡਾਂ,
ਜਾਂ ਇਹ ਕਾਣੀ ਵੰਡ ਦੇ ਕਾਰੇ ?
ਬੱਚੇ ਗੰਦੇ ਢੇਰ ਤੇ ਪਲਦੇ,
ਕੁੱਤੇ ਕਰਦੇ ਐਸ਼ ਚੁਬਾਰੇ ।

## ਮੰਜ਼ਿਲ

ਮੇਰੀ ਝੁੱਗੀ ਇੱਕ ਪੜਾ ਹੈ,
ਜਿੱਥੇ ਰਾਹੀ ਰਾਤ ਬਿਤਾਂਦਾ
ਮੰਜ਼ਿਲ ਕਿਹੜੀ, ਕਿੱਥੇ ਜਾਣਾ,
ਖੁਸ਼ੀ ਖੁਸ਼ੀ ਉਹ ਹਾਲ ਸੁਣਾਂਦਾ ।

ਅਗਲੇ ਦਿਨ ਉੱਠ ਸੁਬ੍ਹਾ ਸਵੇਰੇ,
ਚੁੱਪ ਚੁਪੀਤਾ ਹੈ ਟੁਰ ਜਾਂਦਾ
ਮੈਂ ਕੱਲੀ ਫਿਰ ਨੀਝ ਲਗਾਈ,
ਰਸਤਾ ਦੇਖਾਂ ਕਦ ਕੋਈ ਆਂਦਾ ।

ਕਾਸ਼ ! ਇਹ ਝੁੱਗੀ ਮੰਜ਼ਿਲ ਹੁੰਦੀ,
ਜਿੱਥੇ ਕੋਈ ਰੁੱਕ ਤੇ ਜਾਂਦਾ
ਕੋਈ ਮੇਰਾ ਦਰਦ ਵੰਡਾਂਦਾ,
ਮੇਰਾ ਰੋਣਾ ਮੁੱਕ ਤੇ ਜਾਂਦਾ ।

## ਮੋਹਨ ਗਿੱਲ

### ਗ਼ਜ਼ਲ

ਯਾਰ ਦੇ ਹੱਥੋਂ ਹੋਈ ਸਾਡੀ ਬੋਹਣੀ ਏ।
ਅੱਜ ਹੱਟੀ ਤੇ ਬਹੁਤ ਕਮਾਈ ਹੋਣੀ ਏ।

ਸੁੰਘਦੇ ਸਾਰ ਈ ਮਸਤੀ ਛਾਈ ਮਨ ਉੱਤੇ,
ਹਵਾ ਇਹ ਤੇਰੇ ਪਿੰਡੋਂ ਆਈ ਹੋਣੀ ਏ।

ਇਸ ਪਿਆਲੇ ਨੂੰ ਪੀ ਕੇ ਹੋਸ਼ ਗਵਾਚੇ ਨੇ,
ਸੱਜਣਾਂ ਦੀ ਵਿਚ ਨਜ਼ਰ ਮਿਲਾਈ ਹੋਣੀ ਏ।

ਧੱਕੇ ਨਾਲ ਯਾਰ ਨੂੰ ਅਸਾਂ ਮਨਾਣਾ ਨਹੀਂ,
ਨਾਲ ਪਿਆਰਾਂ ਨਫ਼ਰਤ ਤੇਰੀ ਧੋਣੀ ਏ।

ਅਸੀਂ ਤਾਂ ਹਰ ਪਲ ਤੇਰਾ ਨਾਮ ਧਿਆਉਂਦੇ ਹਾਂ,
ਤੈਨੂੰ ਸਾਡੀ ਯਾਦ ਤਾਂ ਆਉਂਦੀ ਹੋਣੀ ਏ।

### ਗੀਤ

ਤਾਰਿਆਂ ਨਾਲ ਭਰੀ ਇਹ ਗਗਨਾਂ ਦੀ ਥਾਲੀ।
ਵਾਰੀ ਨੀਂ ਵਾਰੀ ਅਸੀਂ ਸੱਜਣਾਂ ਤੋਂ ਵਾਰੀ।

ਸੋਹਣਿਆਂ ਤੋਂ ਸਾਡਾ ਸਭ ਕੁਝ ਕੁਰਬਾਨ ਏ।
ਜਿਥੇ ਔਖ ਸੱਜਣਾਂ ਨੂੰ, ਉਥੇ ਸਾਡੀ ਜਾਨ ਏ।



ਦਿਲ ਤੋੜ ਸੱਜਣਾਂ ਦਾ ਸਾਡਾ ਪਿਆਰ ਭਾਲਦੇ ਜੋ,
ਉਨ੍ਹਾਂ ਨਾਲ ਨਿਭਣੀ ਨਾ ਕਦੇ ਸਾਡੀ ਯਾਰੀ...

ਸੋਹਣਿਆਂ ਦੀ ਖ਼ੁਸ਼ੀ ਲਈ ਸਾਗਰਾਂ ਨੂੰ ਛਾਣ ਦਿਆਂ।
ਮੋਤੀਆਂ ਦੇ ਹਾਰਾਂ ਨੂੰ ਰਾਹਾਂ ਵਿਚ ਤਾਣ ਦਿਆਂ।
ਸੱਜਣਾਂ ਨੂੰ ਮਿਲਣੇ ਲਈ ਹੰਘਾਲਿਆ ਸਮੁੰਦਰਾਂ ਨੂੰ,
ਕੱਚਿਆਂ ਤੇ ਹੱਸ ਕੇ ਮੈਂ ਲਾ ਦਿਆਂਗੀ ਤਾਰੀ...

ਕੰਡੇ ਚੁਗ ਰਾਹਾਂ ਦੇ ਮੈਂ ਕਲੀਆਂ ਵਿਛਾ ਦਿਆਂ।
ਸੱਜਣਾਂ ਦੇ ਰਾਹਾਂ 'ਚ ਮੈਂ ਖ਼ੁਸ਼ਬੂ ਖਿੰਡਾ ਦਿਆਂ।
ਹਵਾ ਦਿਆਂ ਬੁਲਿਆਂ ਨੂੰ ਸ਼ਾਂਤ ਮੈਂ ਕਰਾ ਦਿਆਂ,
ਸੁਣਨੇ ਲਈ ਸੱਜਣਾਂ ਦੀ ਆਵਾਜ਼ ਮੈਂ ਪਿਆਰੀ...

### ਗੀਤ

ਕੁੜੀਆਂ ਦੀ ਟੋਲੀ, ਪਾ ਕੇ ਮਿੱਠੀ ਜਿਹੀ ਬੋਲੀ,
ਅੱਗ ਹਾਣੀਆਂ ਦੇ ਸੀਨਿਆਂ 'ਚ ਲਾ ਗਈ।
ਚੀਚੀਆਂ ਦੇ ਨਾਲ ਬੰਨ੍ਹ ਰੇਸ਼ਮੀ ਰੁਮਾਲ,
ਚੋਬਰਾਂ ਦੀ ਢਾਣੀ ਅੱਜ ਗਿੱਧੇ ਵਿਚ ਆ ਗਈ।

ਕਾਲੀਆਂ ਗੁੱਤਾਂ ਦੇ ਵਿਚ ਲਾਲ ਲਾਲ ਡੋਰੀਆਂ,
ਤੇ ਅੱਖਾਂ ਵਿਚ ਸੁਰਮੇ ਦੀਆਂ ਧਾਰੀਆਂ।
ਤਿੱਲੇ ਵਾਲੀ ਜੁੱਤੀ ਪਾ ਕੇ ਗਿੱਧੇ ਵਿਚ ਨੱਚਦੀਆਂ,
ਲੱਗਦੀਆਂ ਨੇ ਬੜੀਆਂ ਹੀ ਪਿਆਰੀਆਂ।
ਉਨ੍ਹਾਂ ਦੀ ਜਵਾਨੀ ਅੱਜ ਮੁੱਛ ਫੁਟ ਚੋਬਰਾਂ,
ਦੀ ਰੂਹ ਤਾਈਂ ਅੱਜ ਨਸ਼ਿਆ ਗਈ...

ਸਾਟਣਾਂ ਦੇ ਕੁੜਤੇ ਤੇ ਜਾਕਟਾਂ ਸ਼ਨੀਲ ਦੀਆਂ,
ਪੱਗਾਂ ਉਤੇ ਉੱਚੇ ਉੱਚੇ ਸ਼ਮਲੇ ਸਜਾ ਕੇ।
ਗੋਟੇ ਵਾਲੇ ਚਾਦਰੇ ਤੇ ਕੱਢੇ ਹੋਏ ਖੁਸੇ,
ਅੱਜ ਮੇਲੇ ਵਿਚ ਅੱਗ ਜਿਹੀ ਲਾ ਗਏ।

'ਮੋਹਨ' ਨੇ ਬਜਾਈ ਐਸੀ ਲੋਰ ਵਿਚ ਬੀਨ,
ਕੁੜੀ ਨਾਗ ਵਾਂਗੂੰ ਵਲ ਯਾਰੋ ਖਾ ਗਈ...

ਚੜ੍ਹਦੀ ਜਵਾਨੀ ਦੂਜਾ ਰੂਪ ਦਾ ਖ਼ੁਮਾਰ,
ਤੀਜੇ ਨਖ਼ਰੇ ਨੇ ਯਾਰੋ ਲੱਖ ਲੱਖ ਦੇ।
ਛਾਤੀ ਵਿਚੋਂ ਦਿਲ ਅੱਜ ਮਾਰ ਗਏ ਉਡਾਰੀ,
ਜੀਹਨੂੰ ਰਹੇ ਅਸੀਂ ਸਾਂਭ ਸਾਂਭ ਰੱਖਦੇ।
ਪੱਬ, ਅੱਡੀ, ਝਾਂਜਰਾਂ ਤੇ ਚੂੜੀਆਂ ਦੇ ਰਾਗ ਵਿਚ,
ਗਿਧਿਆਂ ਦੀ ਰੁੱਤ ਅੱਜ ਫਿਰ ਆ ਗਈ ..
ਕੁੜੀਆਂ ਦੀ ਟੋਲੀ ਪਾ ਕੇ ਮਿੱਠੀ ਜਿਹੀ ਬੋਲੀ,
ਅੱਗ ਹਾਣੀਆਂ ਦੇ ਸੀਨਿਆਂ 'ਚ ਲਾ ਗਈ...

## ਗੀਤ

ਨੱਚ ਨੀਂ ਪੰਜਾਬਣੇ ਨੱਚ ਨੱਚ ਨੱਚ।
ਤੂਤ ਦੀ ਛਿਟੀ ਦੇ ਵਾਂਗੂੰ ਹਿੱਲੇ ਤੇਰਾ ਲੱਕ।
ਨੱਚ ਨੀਂ ਪੰਜਾਬਣੇ ਨੱਚ ਨੱਚ ਨੱਚ।

ਨੱਕ ਵਿਚ ਕੋਕਾ ਤੇ ਕੰਨਾਂ ਵਿਚ ਵਾਲੇ।
ਕਾਲੀਆਂ ਘਟਾਂ ਦੇ ਵਾਂਗੂੰ ਵਾਲ ਤੇਰੇ ਕਾਲੇ।
ਹੋ ਗਿਆ ਸ਼ਰਾਬੀ ਸਾਰਾ ਪਿੰਡ ਤੈਨੂੰ ਤੱਕ...

ਬਾਹਾਂ ਵਿਚ ਛਣਕਣ ਲਾਲ ਲਾਲ ਵੰਗਾਂ।
ਅੱਖੀਆਂ ਸ਼ਰਾਬੀ ਜਿਵੇਂ ਪੀਤੀਆਂ ਨੇ ਭੰਗਾਂ।
ਬਾਕੀ ਸਭ ਝੂਠ ਇਕ ਰੂਪ ਤੇਰਾ ਸੱਚ...

ਪੈਰਾਂ ਵਿਚ ਝਾਂਜਰਾਂ ਤੇ ਗੱਲ੍ਹਾਂ ਤੇ ਗੁਲਾਲੀ।
ਤੇਰੇ ਬਿਨਾਂ ਲੱਗਦਾ ਏ ਪਿੰਡ ਖਾਲੀ ਖਾਲੀ
ਤੈਨੂੰ ਦੇਖ ਨੱਚਦੇ ਨੇ ਗਲੀਆਂ ਦੇ ਕੱਖ...

ਮੱਥੇ ਉਤੇ ਟਿੱਕਾ ਅਤੇ ਗਲ ਵਿਚ ਗਾਨੀ।
ਡੋਹਲੋਂ ਵਾਲੇ ਮੋਹਨ ਦੇ ਪਿਆਰ ਦੀ ਨਿਸ਼ਾਨੀ।
ਲਾ ਕੇ ਕਾਲਾ ਟਿੱਕਾ ਭੈੜੀ ਦੁਨੀਆਂ ਤੋਂ ਬਚ...



# ਮੇਜਰ ਸਿੰਘ ਰਾਏ

## ਗੀਤ

ਸੁੱਖਾਂ ਨਾਲ ਮੰਗਿਆ ਵੇ !
ਆਂਦਰਾਂ ਦੇ ਟੋਟਿਆ
ਰੋਟੀ ਦੇ ਲਈ ਹੋਇਆ ਤੂੰ ਵਿਦਾ

ਕਾਣੀਆਂ ਵੰਡਾਂ ਨੇ ਖੋਹੇ
ਜਿਗਰਾਂ ਦੇ ਲਾਲ ਵੇ
ਮਮਤਾ ਨੂੰ ਫਾਹੇ ਦਿੱਤਾ ਲਾ

ਮਾਂ ਲੇਟ ਹੋਏ ਨੂੰ
ਸਕੂਲੋਂ ਖੜ ਵੇਖਦੀ ਸੀ
ਉਮਰਾਂ ਦੇ ਝੋਰੇ ਦਿੱਤੇ ਲਾ

ਰਲ ਕਾਲੇ ਸੂਰਜਾਂ ਨੇ
ਚਾਨਣ ਲਕੋ ਲਿਆ ਵੇ
ਨ੍ਹੇਰਾ ਦਿੱਤਾ ਮੇਰੇ ਘਰੇ ਪਾ

ਕਿਹੜੀਆਂ ਵੇ ਖੱਟੀਆਂ ਤੂੰ
ਖੱਟੇਂਗਾ ਕਨੇਡਿਓਂ ਵੇ
ਬੈਠਾ ਪਹਿਲਾਂ ਵਾਲੀ ਚੋਗ ਵੀ ਗੁਆ

ਕਲ੍ਹ ਜੀਹਦੇ ਉੱਤੇ ਦੋਸ਼
ਲਾਵੇਂ ਠੱਗੀ ਠੋਰੀਆਂ ਦਾ
ਰਾਜ਼ੀਨਾਵਾਂ ਕਿਵੇਂ ਕਰ ਲਿਆ

ਖਵਰੇ ਤੂੰ ਅੱਕ ਨਿਰਮੋਹਾ
ਮੈਥੋਂ ਹੋ ਗਿਆ
ਸੀ ਦੁੱਖ ਦਿੰਦੇ ਤੇਰੇ ਹੀ ਭਰਾ

ਹੱਕਾਂ ਦੀ ਕੋਈ ਗੱਲ
ਤਾਂ ਨਹੀਂ ਛੇੜ ਬੈਠਾ ਸੁਹਣਿਆਂ ਵੇ
ਬਣਵਾਸ ਤਾਂ ਹੀ ਲੈਣਾ ਹੈ ਪਿਆ

ਗੰਦੀਆਂ ਸਿਆਸਤਾਂ ਨੂੰ
ਨਿੰਦ ਤਾਂ ਨਹੀਂ ਬੈਠਾ ਕਿਤੇ
ਤਾਂ ਹੀ ਤੇਰਾ ਗੇੜਾ ਨਹੀਂ ਪਿਆ

ਲੁਟੇਰਿਆਂ ਨੇ ਹੱਕ ਦੀ ਕਮਾਈ
ਤੇਰੀ ਬੱਲਿਆ ਓਏ
ਲੁੱਟੀ ਤਾਂ ਨਹੀਂ ਕੌਡੀਆਂ ਦੇ ਭਾਅ

ਕਿਤੇ ਉਹਨਾਂ ਦੀਆਂ ਜਾੜ੍ਹਾਂ ਦਾ
ਸੁਆਦ ਤਾਂ ਨਹੀਂ ਹੋ ਗਿਆ ਤੂੰ
ਡੱਬੀ ਵਿਚ ਜਿਹਨਾਂ ਦੇ ਖ਼ੁਦਾ

ਉਠ ਜ਼ਰਾ ਆਪੇ ਨੂੰ ਪਛਾਣ
ਲਵੇਂ ਕਿੰਨਾ ਚਿਰ
ਦੋ-ਚਿੱਤੀਆਂ ਦੀ ਜੂਨ ਨੂੰ ਹੰਢਾ

ਕਿਉਂ ਰੋਟੀ ਦੀ ਤਾਂ
ਖ਼ਾਤਰ ਵੇ ਘਰ ਛੱਡੇ ਕੋਈ
ਇਹੋ ਜ਼ਿੰਦਗੀ ਦਾ ਵਿਸ਼ਾ ਤੂੰ ਬਣਾ

ਸੁੱਖਾਂ ਨਾਲ ਮੰਗਿਆ ਵੇ
ਆਂਦਰਾਂ ਦੇ ਟੋਟਿਆ
ਰੋਟੀ ਦੇ ਲਈ ਹੋਇਆਂ ਤੂੰ ਵਿਦਾ।



## ਗੀਤ

ਆਪਣੀ ਉਮਰ ਦੇ ਮੈਂ
ਚੂੰਢੀ ਵੱਢੇ ਵਰ੍ਹਿਆਂ 'ਚ
ਚੱਲਿਆਂ ਮੈਂ ਵਿਰਸਾ ਗੁਆ

ਛੱਡ ਹੱਥਾਂ ਵਿਚ ਮੱਚਦੀ
ਹਜ਼ਾਰਾਂ ਮੀਲ ਝਾਕੀ ਜਾਵੇ
ਮੇਰੀ ਹਾਇ ਨੀਂ ਚੰਦਰੀ ਨਿਗਾਹ

ਦਸਤਾਰ, ਰਫ਼ਤਾਰ, ਗੁਫ਼ਤਾਰ
ਵਾਲੇ ਗਹਿਣਿਆਂ ਤੇ
ਪੱਛਮੀ ਮੁਲੰਮਾ ਮੈਂ ਲਿਆ ਫਿਰਵਾ

ਉਂਗਲਾਂ ਤੇ ਗਿਣੇ ਜਾਣ ਵਾਲੇ
ਹਾਇ ਨੀਂ ਪਲਾਂ ਵਿਚ
ਆਪੇ ਤੋਂ ਮੈਂ ਹੋਇਆ ਹਾਂ ਜੁਦਾ

ਅਸੂਲਾਂ ਤੇ ਸਿਧਾਂਤਾਂ ਵਾਲੀ
ਹੋਈ ਬੇਪਤੀ ਕੁੜੇ
ਪਿੱਟਦੀ ਹੈ ਖੜੀ ਨੀਂ ਚੌਰਾਹ

ਰਸਮਾਂ, ਰਿਵਾਜਾਂ ਵਾਲੀ
ਰੁੱਸੀ ਮਰਿਯਾਦਾ ਬੈਠੀ
ਛੱਤਰੀ ਸ਼ਰੀਕਾਂ ਦੀ ਤੇ ਜਾ

ਪਹਿਲਾਂ ਪਹਿਲਾਂ ਰਹੁ-ਰੀਤਾਂ
ਕਾਲੇ ਹੋਣ ਕਰਕੇ ਨਾ
ਗੋਰੀ ਕੋਈ ਲੈਂਦੀ ਸੀ ਨਿਕਾਹ

ਅੱਧੇ ਅੱਧੇ ਮਰੇ
ਹੋਣ ਕਰਕੇ ਦੁਪਾਸਿਆਂ ਤੋਂ
ਲਈਆਂ ਕੁੜੇ ਚਾਦਰਾਂ ਨੇ ਪਾ

ਸਭਿਅਤਾ ਨੂੰ ਇਥੋਂ ਦੇ

ਮੈਖਾਨਿਆਂ 'ਚ ਹਾਨਣੇ ਨੀਂ
ਲੰਵਾ ਲੰਵਾ ਤੁਰਨੇ ਦਾ ਚਾਅ

ਕਦਰਾਂ ਤੇ ਕੀਮਤਾਂ ਦੀ
ਤੱਕੜੀ ਲਈ ਸੁਹਣਿਆਂ ਵੇ
ਮਾਇਆਂ ਦਿਆਂ ਵੱਟਿਆਂ ਝੁਕਾ

ਪਹਿਰਾਵੇ ਅਤੇ ਬੋਲੀ ਨੂੰ ਤਾਂ
ਆ ਕੇ ਤੇ ਬਿਗਾਨੇ ਘਰ
ਚੜ੍ਹਿਆ ਹੈ ਕੋਈ ਨੀਂ ਸ਼ੁਦਾਅ

ਪਿਆਰਾਂ ਅਤੇ ਸਾਂਝਾਂ
ਯਾਰਾਂ ਤੇ ਸਕੀਰੀਆਂ ਨੂੰ
ਭੁਲਿਆ ਨੀਂ ਉੱਕਾ ਹੀ ਖ਼ੁਦਾ

ਲੱਜਿਆ ਤੇ ਸ਼ਰਮਾਂ ਨੂੰ
ਕਰਕੇ ਸ਼ਿੰਗਾਰ ਹੱਥੀਂ,
ਲੋਕਾਂ ਸੰਗ ਕੀਤਾ ਨੀਂ ਵਿਦਾ

ਪੱਗਾਂ ਅਤੇ ਚੁੰਨੀਆਂ
ਵਟਾਉਣ ਦੀਆਂ ਰਸਮਾਂ ਨੂੰ
ਮਾਇਆ ਸੱਪਣੀ ਦਮੂੰਹੀ ਗਈ ਖਾ

ਆਪਣੀ ਉਮਰ ਦੇ ਮੈਂ...

## ਕੈਨੇਡਾ ਦੀ 125ਵੀਂ ਵਰ੍ਹੇ ਗੰਢ 'ਤੇ

ਖੇਤ ਮਜ਼ਦੂਰ ਦੇ ਨਾਂ

ਨਿੱਤ ਹਰਿਆਵਲ ਤੇਰੇ ਮੱਥੇ ਲੱਗਦੀ
ਪਰ ਕਰਮ ਤੇਰੇ ਨੂੰ ਸੋਕਾ
ਨਹੀਂ ਭਾਗ ਤੇਰੇ ਦੀ ਨੀਂਦਰ ਖੁੱਲ੍ਹੀ
ਥੱਕੀ ਕਿਰਤ ਤੇਰੀ ਦੇ ਹੋਕਾ



ਨੌਂ ਖੰਡੀਂ ਵੱਸਦੇ ਦੇ ਤੇਰੇ ਅੜਿਆ
ਹੱਥੀਂ ਸਿਆੜ ਬਿਆਈਆਂ
ਜਿਹਨਾਂ ਵਿਚ ਚੜ੍ਹਦੇ ਸੂਰਜ ਸੁਪਨੇ ਬੀਜੇਂ
ਸ਼ਾਮੀ ਉੱਗੇ ਭੁੱਖ ਬਰੋਵਾ.. ਵੇ ਕਰਮ ਤੇਰੇ ਨੂੰ...

ਪਹਿਲਾ ਵਾਕ ਲਵੇਂ ਤੂੰ ਧਰਤੀ ਦੇ ਸਫਿਆਂ ਤੇ
ਕਿਰਨਾਂ ਦੇਣ ਸਲਾਮੀਂ ਆਈਆਂ
ਖਵਰੇ ਲੇਖ ਤੇਰੇ ਕਿਨ ਬਰਫ਼ੀਂ ਲੱਗੇ
ਪਿਘਲਾਵੇ ਨਾਂ ਸੂਰਜ ਦਾ ਝੋਕਾ...

ਤੈਂ ਕਿਹੜੀ ਕੁਦਰਤ ਦੀ ਔਖੀ ਘੜੀ ਨਹੀਂ ਵੇਖੀ
ਫਿਰ ਵੀ ਮਰ ਗਏ ਚਾਅ ਅਣਜੰਮੇ
ਤੇਰੀ ਮਿਹਨਤ ਲਾੜੀ ਝੂਰ ਝੂਰ ਬੁੱਢੀ ਹੋ ਗਈ
ਨਾ ਜੁੜਿਆ ਨੱਕ ਨੂੰ ਕੋਕਾ...

ਭਿਖਾਰੀ ਤੋਂ ਲਾ ਰਾਜੇ ਤੱਕ ਅੜਿਆ
ਤੇਰਾ ਮਾਸ ਅੱਟਣਾਂ ਦਾ ਚੂੰਡੇ
ਲੱਖ ਦੁਆਈਆਂ ਲੈਣ ਤੇ ਹਜ਼ਮ ਨਹੀਂ ਹੋਣਾ
ਖਾਧਾ ਤੇਰੀ ਕਿਰਤ ਜਿਗਰ ਦਾ ਟੋਟਾ...

ਤੇਰੀ ਖ਼ੁਸ਼ੀਆਂ ਦੇ ਫੁੱਲਾਂ ਦੀਆਂ ਪੱਤੀਆਂ ਨੂੰ ਫੂਕਣ
ਘੱਟ ਤਨਖਾਹ ਦੇ ਸਿਖਰ ਦੁਪਹਿਰੇ
ਤੇਰੇ ਗ਼ਮ ਦੇ ਵਾਂਗੂ ਕੰਮ ਦੇ ਘੰਟਿਆਂ ਦਾ ਸਾਇਆ
ਹੁੰਦਾ ਰਹੇ ਵੱਡਾ ਛੋਟਾ...

ਤੂੰ ਇਹ ਕੁਝ ਹੱਸ ਕੇ ਜਰਦੇ ਨੂੰ ਵੀ
ਸ਼ੱਕੀ ਸਰਕਾਰੀ ਅੱਖ ਨਹੀਂ ਜਰਦੀ
ਤੂੰ ਆਪਣਾ ਆਪ ਨਿੱਤ ਮਾਰ ਕੇ ਖਾਵੇਂ
ਕਿਸ ਨਾਲ ਕਰੇਂਗਾ ਧੋਖਾ...

ਧੁੱਪਾਂ ਵਿਚ ਰੁੜ੍ਹ ਰੁੜ੍ਹ ਕੇ ਚੌਂਹ ਛਿਲੜਾਂ ਦਾ ਮੂੰਹ ਤੂੰ ਵੇਖੇਂ
ਰਾਠਾਂ ਦੀ ਅੱਖ ਵਿਚ ਰੜਕੇਂ
ਕਈ ਤਰ੍ਹਾਂ ਦੀ ਕੱਟ ਕਟੌਤੀ ਵੇਹਲੜ ਮੂੰਹ ਨੂੰ ਭਰਦੀ
ਠੇਕੇਦਾਰਾਂ ਦਾ ਵਣਜ ਅਨੋਖਾ, ਨਿੱਤ ਹਰਿਆਵਲ...

## ਸੁਖਵਿੰਦਰ ਕੌਰ ਬ੍ਰਹਮ

### ਕੰਧ ਉਹਲੇ

ਕੰਧ ਦੇ ਇੱਧਰ ਇਕ ਬੁੱਤ ਸੜਦਾ
ਸੜ ਸੜ ਹੋਵੇ ਬੱਗਾ
ਕੰਧ ਦੇ ਉੱਧਰ ਹੋਰ ਬੁੱਤ ਨੂੰ
ਜ਼ਰਾ ਸੇਕ ਨਹੀਂ ਲੱਗਾ

ਲੋਕੀ ਕਹਿੰਦੇ ਬਦਲ ਜਾਂਵਦੀ
ਦੁਨੀਆਂ ਕੰਧੋਂ ਉਹਲੇ
ਨਵੀਆਂ ਜਿੰਦਾਂ ਧੜਕ ਪੈਂਦੀਆਂ
ਕਦਮੀਂ ਪੋਲੇ ਪੋਲੇ

ਉਹਲਾ ਸਾਡੀ ਮੁੱਖ ਜ਼ਰੂਰਤ
ਬਿਨ ਉਹਲੇ ਜੱਗ ਫਿੱਕਾ
ਕਦੇ ਕਦੇ ਪਰ ਕੰਧਾਂ ਉਹਲੇ
ਜੀਵਨ ਬਣ ਜਾਏ ਸਿੱਕਾ

ਰੱਬ ਕਰੇ ਇਸ ਕੰਧ ਦੇ ਉੱਧਰ
ਓਸ ਬੁੱਤ ਦੇ ਨੇੜੇ
ਸੇਕ ਪਹੁੰਚ ਤਾਂ ਜਾਵੇ ਐਪਰ
ਅੱਗ ਨਾ ਉਸ ਨੂੰ ਛੇੜੇ

ਮਿੱਠਾ ਮਿੱਠਾ ਸੇਕ ਓਸਨੂੰ
ਮਜ਼ਬੂਤ ਬਣਾਈ ਜਾਵੇ
ਇਹ ਬੁੱਤ ਭਾਵੇਂ ਜਲ ਜਾਵੇ
ਪਰ ਉਸ 'ਤੇ ਰੰਗਤ ਆਵੇ ।



### ਜੋਬਨ ਵੇਲਾ

ਚਿਣਗ ਕੋਈ ਜਦ ਤਨ ਮਨ ਟੁੰਬੇ
ਉਹੀ ਜੋਬਨ ਵੇਲਾ
ਲਹੂ ਖਿੜੇ, ਮਨ ਵਿੱਚ ਲਗਾਵੇ
ਜਜ਼ਬਾਤਾਂ ਦਾ ਮੇਲਾ

ਜਦੋਂ ਨਾ ਕੋਈ ਮਹਿਕਾਂ ਮੰਗੇ
ਨਾ ਕੋਈ ਪਿਆਰ ਜਤਾਵੇ
ਨੇੜੇ ਨੇੜੇ ਹੋ ਕੇ ਕੋਈ
ਜਦ ਨਾ ਨਜ਼ਰ ਮਿਲਾਵੇ
ਉਹੀ ਰੁੱਤ ਬੁਢੇਪਾ ਮੁੱਕਣ
ਜਦੋਂ ਦਿਲਾਂ ਦੇ ਦਾਅਵੇ
ਸੱਖਣਾ-ਪਨ ਘੁਣ ਵਾਂਗੂ ਖੁਦ ਨੂੰ
ਅੰਦਰੋਂ ਖਾਈ ਜਾਵੇ

ਤੇਰੇ ਨਾਵੇਂ ਸੁਰਖ ਸਵੇਰਾ
ਸ਼ਾਮਾਂ, ਵੇਲੇ ਸਾਰੇ
ਅੱਜ ਤੇਰੇ ਰਾਹੀਂ ਨਜ਼ਰਾਂ ਵਰਸਣ
ਤੂੰ ਨਹੀਂ ਬੁੱਢੇ ਵਾਰੇ ।

### ਔਰਤ

ਲੱਖ ਤੂਫ਼ਾਨ ਲੁਕਾ ਵਿੱਚ ਦਿਲ ਦੇ
ਔਰਤ ਵਕਤ ਬਿਤਾਉਂਦੀ ਹੈ
ਗ਼ਮ ਦੀ ਬਾਤ ਜੇ ਪਾ ਦਏ ਕਿਧਰੇ
ਦੁਨੀਆਂ ਨੂੰ ਨਹੀਂ ਭਾਉਂਦੀ ਹੈ

ਦੁਨੀਆਂਦਾਰੀ ਰੱਖੇ ਜੇਕਰ
ਚੰਗੀ ਨਜ਼ਰੀਂ ਆਉਂਦੀ ਹੈ
ਆਪਣੀ ਸੱਧਰ ਪੇਸ਼ ਕਰੇ ਜੇ
ਤਾਂ ਖ਼ੁਦਗਰਜ਼ ਕਹਾਉਂਦੀ ਹੈ

ਚੂਰ ਚੂਰ ਹੋ ਜਾਂਦੇ ਸੁਪਨੇ
ਕੱਚੜੀ ਉਮਰ ਸਜਾਏ ਜੋ
ਆਹਰ ਪਾਹਰ ਵਿੱਚ ਮਨ ਨੂੰ ਲਾ ਕੇ
ਬੱਚਿਆਂ ਵਾਂਗ ਵਰਾਉਂਦੀ ਹੈ

ਕਰਨਾ ਜੇ ਕੁਛ ਚਾਹੇ ਉੱਚਾ
ਆਗਿਆ ਬਿਨਾਂ ਅਸੰਭਵ ਹੈ
ਬਾਅਦ ਮਨਾਹੀ, ਕਰੇ ਮਨਮਰਜ਼ੀ
ਤਾਂ ਬਦਚਲਣ ਕਹਾਉਂਦੀ ਹੈ।

ਮੰਨੇ ਦਿਲ ਦਾ ਕਹਿਣਾ ਜੇਕਰ
ਇੱਜ਼ਤ ਪਿਆਰ ਨਾ ਮਿਲਦਾ ਹੈ
ਮੰਨ ਕਹਿਣਾ, ਭਰ ਹੌਕੇ ਜੀ ਲਏ
ਆਪਣਾ ਰੂਪ ਗੁਆਉਂਦੀ ਹੈ

ਬੜੇ ਕੀਮਤੀ ਗਹਿਣੀਂ ਕੱਪੜੀਂ
ਆਪਣਾ ਆਪ ਸਜਾਉਂਦੀ ਹੈ
ਤਨ ਮਨ ਤੇ ਚੀਸਾਂ ਸਹਿਣੇ ਨੂੰ
ਇੰਝ ਆਪਾ ਪਤਿਆਉਂਦੀ ਹੈ

ਆਪਣਾ ਆਪ ਸਜਾਉਂਦੀ ਹੈ
ਆਪੇ ਨੂੰ ਪਤਿਆਉਂਦੀ ਹੈ
ਪਰ ਦੁਨੀਆਂ ਦੀਆਂ ਸ਼ੱਕੀ ਅੱਖਾਂ
ਕਹਿਣ, 'ਇਹ ਘੱਟਾ ਪਾਉਂਦੀ ਹੈ'

ਮਾਰ ਕੇ ਆਪਾ, ਚੀਸਾਂ ਝੱਲ ਕੇ
ਆਪਣੇ ਫ਼ਰਜ਼ ਨਿਭਾਉਂਦੀ ਹੈ,
'ਕਿੰਨਾ ਵੱਡਾ ਦਿਲ ਰੱਖਦੀ ਹਾਂ'
ਕਹਿ ਕੇ ਜੀਅ ਪਰਚਾਉਂਦੀ ਹੈ।

## ਨਵਯੁੱਗ

ਭਾਲ ਤ੍ਰਿੰਝਣਾਂ ਦੀ ਨਹੀਂ ਮੈਨੂੰ
ਯੁੱਗ ਮਸ਼ੀਨੀ ਜ਼ਿੰਦਾਬਾਦ



ਅੱਜ ਦੀ ਅੱਜ ਹੈ, ਕਲ੍ਹ ਦੀ ਕਲ੍ਹ ਸੀ
ਨਵਯੁੱਗ ਦੀ ਮੈਂ ਦੇਵਾਂ ਦਾਦ

ਨਾ ਪੱਥਰ ਯੁੱਗ, ਨਾ ਖੱਦਰ ਯੁੱਗ
ਨਾ ਤੱਕਲੀ, ਨਾ ਚਰਖੇ ਦੀ
ਮੈਂ ਤਾਂ ਗੱਲ ਕਰਾਂ ਅਮਨਾਂ ਦੀ
ਜਦ ਵਤਨਾਂ ਦੀ ਆਵੇ ਯਾਦ

ਮੈਂ ਤਾਂ ਭਾਲਾਂ ਖੁੱਲ੍ਹੇ ਅੰਬਰ
ਤਾਰਿਆਂ ਵਾਲੀਆਂ ਰਾਤਾਂ ਹੱਸਣ
ਚੰਦ ਦੀ ਲੋਏ ਚਿਹਰੇ ਚਮਕਣ
ਜ਼ਿੰਦਗੀ ਹੋਵੇ ਫੇਰ ਆਬਾਦ

ਰਾਤਾਂ ਨੂੰ ਦਰਵਾਜ਼ਾ ਖੜਕੇ
ਬਿਨਾਂ ਖ਼ੌਫ ਦੇ ਮੈਂ ਜਾ ਖੋਲ੍ਹਾਂ
'ਜੀ ਆਇਆਂ' ਮਹਿਮਾਨ ਨੂੰ ਆਖਾਂ
ਚਿਹਰੇ ਹੱਸਣ, ਜੀਅੜੇ ਸ਼ਾਦ

ਬਾਪੂ ਵਾਂਢੇ, ਵੀਰਾ ਖੇਤੀਂ
ਅੰਮੀਂ ਰਾਤ ਥੱਕ ਜਾਂਦੀ ਹੈ
ਮੈਂ ਮਹਿਮਾਨ ਨੂੰ ਘਰੇ ਬਿਠਾ ਕੇ
ਵੀਰੇ ਵੱਲ ਟੁਰ ਪਵਾਂ ਅਜ਼ਾਦ

ਮੈਂ ਰਾਤਾਂ ਦੀ ਰੌਣਕ ਭਾਲਾਂ
ਅਮਨ ਚੈਨ ਵਿੱਚ ਜੱਗ ਵਿਸਮਾਦ
ਕੰਨੀਂ ਪੈਣ ਖੁਸ਼ੀ ਦੇ ਸੋਹਿਲੇ
ਘਟਿ ਘਟਿ ਵਿੱਚ ਫਿਰ ਵਜਹਿ ਨਾਦ

ਸੰਗ ਸਖੀਆਂ ਦੇ ਗਲੀਆਂ ਦੇ ਵਿੱਚ
ਅੱਧੀ ਰਾਤੀਂ ਜਾਗੋ ਆਵੇ
ਪਿੰਡ ਦੇ ਵੀਰ ਹੋਣ ਰਖਵਾਲੇ
ਜਬਰ ਕਰੇ ਨਾ ਰੰਗ ਬਰਬਾਦ

ਅੱਤ ਜ਼ੁਲਮ ਦੇ ਡਰੋਂ ਸੁਰਖਰੂ
ਇੱਜ਼ਤਾਂ ਫਿਰ ਮਹਿਫੂਜ਼ ਸਾਡੀਆਂ

ਸਰਕਾਰੇ ਦਰਬਾਰੇ ਸਭ ਦੀ
ਇਕ ਤੁਲ ਸੁਣ ਹੋਵੇ ਫਰਿਆਦ

ਸਾਡੀਆਂ ਸ਼ਰਮਾਂ, ਸਾਡੀ ਸੱਭਿਅਤਾ
ਕਦੇ ਨਾ ਹੋਵੇ, ਮੁਰਦਾਬਾਦ
ਹਰ ਖੇਤਰ ਵਿੱਚ ਹੋਣ ਤਰੱਕੀਆਂ
ਬਿਰਥੇ ਹੋਣ ਨਾ ਵਾਦ ਵਿਵਾਦ

ਰੱਬ ਕਰੇ ਮੇਰੇ ਪੰਜਾਬੋਂ
ਖ਼ਬਰਾਂ ਛਪਣ ਸੁਨੇਹੇ ਆਵਣ
ਹੋ ਗਏ ਡਰੋਂ ਆਜ਼ਾਦ ਅਸੀਂ ਵੀ
ਗੂੰਜੇ ਫੇਰ ਮੁਬਾਰਕਬਾਦ ।



## ਸੁਖਵੰਤ ਹੁੰਦਲ

### ਗੀਤ
(ਬੀ.ਸੀ. ਦੇ ਖੇਤ ਮਜ਼ਦੂਰਾਂ ਦੇ ਨਾਂ)

ਖੇਤ ਮਜ਼ਦੂਰੋ ਤੁਸੀਂ ਘੋਲ ਵਿਚ ਆਉ
ਆਪਣੇ ਹੱਕਾਂ ਲਈ ਲੜੋ ਭਿੜੋ ਟਕਰਾਉ ।

ਬਹੁਤ ਚਿਰ ਡੋਲ੍ਹਿਆ ਪਸੀਨਾ ਖੇਤਾਂ ਵਿਚ
ਕੁਝ ਵੀ ਨਾ ਆਇਆ, ਪਰ ਕਾਮੇ ਹੱਥਾਂ ਵਿਚ
ਗੱਲ ਕੀ ਹੈ, ਇਹਦੇ ਬਾਰੇ ਸੋਚ ਤਾਂ ਲੜਾਉ
ਖੇਤ ਮਜ਼ਦੂਰੋ...

ਵੈਨਾਂ ਦੇ ਸਫ਼ਰ ਵਿਚ, ਵਰ੍ਹੇ ਮੁੱਕ ਗਏ
ਅੱਧ ਸੁੱਤਿਆਂ ਦੇ ਸੁਫਨੇ, ਹੀ ਲੁੱਟ ਗਏ
ਇਸ ਲੁੱਟ ਬਾਰੇ, ਜ਼ਰਾ ਸ਼ੋਰ ਤਾਂ ਮਚਾਉ
ਖੇਤ ਮਜ਼ਦੂਰੋ...

ਲੰਮੀਆਂ ਦਿਹਾੜੀਆਂ, ਸਿਹਤਾਂ ਨੂੰ ਖਾਂਦੀਆਂ
ਜ਼ਹਿਰੀਲੀਆਂ ਦਵਾਈਆਂ, ਨਵੇਂ ਰੋਗ ਲਾਂਦੀਆਂ
ਮਾਲਕਾਂ ਦੇ ਲੇਖੇ, ਜਿੰਦ ਮਿੱਟੀ ਨਾ ਰੁਲਾਉ
ਖੇਤ ਮਜ਼ਦੂਰੋ...

ਕਿੰਨੀ ਦੇਰ ਮਾਲਕਾਂ ਤੋਂ, ਹੋਰ ਡਰੋਗੇ
ਕੁੱਝ ਡਾਲਰਾਂ ਲਈ, ਗੁਲਾਮੀ ਕਰੋਗੇ
ਸੋਚੋ ਇਸ ਬਾਰੇ ਕੋਈ ਫੈਸਲਾ ਬਣਾਉ
ਖੇਤ ਮਜ਼ਦੂਰੋ...

ਅਜੇ ਤਾਂ ਇਹ ਜੰਗ ਦੀ ਸ਼ੁਰੂਆਤ ਹੈ

ਜਿੱਤਾਂਗੇ ਅਸੀਂ ਜੇ ਸਾਡਾ ਪੱਕਾ ਸਾਥ ਹੈ
ਔਕੜਾਂ ਤੋਂ ਡਰੋ ਨਾ, ਨਾ ਦਿਲੋਂ ਘਬਰਾਉ ।

ਖੇਤ ਮਜ਼ਦੂਰੋ ਤੁਸੀਂ ਘੋਲ ਵਿਚ ਆਉ
ਆਪਣੇ ਹੱਕਾਂ ਲਈ ਲੜੋ ਭਿੜੋ ਟਕਰਾਉ
ਖੇਤ ਮਜ਼ਦੂਰੋ...

## ਮਾਮਲਾ ਗੜਬੜ ਹੈ

ਜਦੋਂ ਡਿਗਰੀ ਮੁੰਡੇ ਨੂੰ ਥਿਆਵੇ
ਧੱਕੇ ਵਿਚ ਦਫਤਰੀਂ ਖਾਵੇ
ਪਰ ਨੌਕਰੀ ਨਜ਼ਰ ਨਾ ਆਵੇ
ਤਾਂ ਸਮਝੋ ਮਾਮਲਾ ਗੜਬੜ ਹੈ...

ਜਦੋਂ ਸੁਫਨਿਆਂ ਸੰਗ ਅਸਲੀਅਤ ਟਕਰਾਉਣ ਲੱਗੇ
ਬਾਪੂ ਦੀ ਆਸ ਮੁੰਡੇ ਤੋਂ ਮੁਰਝਾਉਣ ਲੱਗੇ,
ਗੇੜੇ ਮੁੰਡਾ ਅਜੰਟਾਂ ਵੱਲ ਲਾਵੇ
ਖੇਤ ਬਾਪੂ ਦੇ ਗੈਹਿਣ ਟਿਕਾਵੇ
ਰੋਟੀ ਖਾਤਰ ਦੇਸ਼ ਛੱਡ ਜਾਵੇ
ਤਾਂ ਸਮਝੋ ਮਾਮਲਾ ਗੜਬੜ ਹੈ ..

ਜਦੋਂ ਸੁਪਨੇ ਰੋਜ਼ ਹੀ ਟੁੱਟਦੇ ਪਰਾਈ ਧਰਤੀ ਤੇ
ਬੋਲ ਨਸਲੀ ਹਵਾ ਵਿਚ ਸ਼ੂਕਦੇ ਪਰਾਈ ਧਰਤੀ ਤੇ
ਫਿਰ ਯਾਦ ਪਿੰਡ ਦੀ ਆਵੇ
ਮਨ ਪੀੜ ਨਾਲ ਕੁਰਲਾਵੇ
ਪਰ ਪੇਸ਼ ਕੋਈ ਨਾ ਜਾਵੇ
ਤਾਂ ਸਮਝੋ ਮਾਮਲਾ ਗੜਬੜ ਹੈ...

ਜਦੋਂ ਮਿੱਲਾਂ ਵਿਚ ਮਜ਼ਦੂਰ ਦੀ ਛਾਂਟੀ ਹੋਣ ਲੱਗੇ
ਕੰਮ ਨਹੀਂ, ਨੋਟਿਸ ਮਿਲ ਜਾਏ ਘਰ ਆਉਣ ਲੱਗੇ
ਰਾਤਾਂ ਨੂੰ ਨੀਂਦ ਨਾ ਆਵੇ
ਤੇ ਫਿਕਰ ਵੱਢ ਵੱਢ ਖਾਵੇ



ਪਰ ਕਿਤੇ ਆਸ ਨਜ਼ਰ ਨਾ ਆਵੇ
ਤਾਂ ਸਮਝੋ ਮਾਮਲਾ ਗੜਬੜ ਹੈ...

ਜਦੋਂ ਮਾਲਕ ਰੋਜ਼ ਨਵੀਂ ਕਟੌਤੀ ਕਰਨ ਲੱਗਣ
ਮਜ਼ਦੂਰ ਦਾ ਹੱਕ ਆਪਣੀ ਤਿਜੌਰੀ ਭਰਨ ਲੱਗਣ
ਜੇ ਮਜ਼ਦੂਰ ਅਵਾਜ਼ ਉਠਾਵੇ
ਡੰਡੇ ਨਾਲ ਸਰਕਾਰ ਦਬਾਵੇ
ਇੰਜ ਵਾੜ ਹੀ ਖੇਤ ਨੂੰ ਖਾਵੇ
ਤਾਂ ਸਮਝੋ ਮਾਮਲਾ ਗੜਬੜ ਹੈ...

ਜਦੋਂ ਫਿਰਕੂ ਅੱਗ ਕਹਿਰ ਦੀ ਬਲਦੀ ਹੈ
ਲੋਕਾਂ ਉਪਰ ਧਰਮ ਦੀ ਗੋਲੀ ਚਲਦੀ ਹੈ
ਨਿੱਤ ਖਬਰ ਇਹੋ ਜਿਹੀ ਆਵੇ
ਅੱਗ ਰੋਜ਼ ਫੈਲਦੀ ਜਾਵੇ
ਤੇ ਕੋਈ ਗੀਤ ਇਸ਼ਕ ਦੇ ਗਾਵੇ
ਤਾਂ ਸਮਝੋ ਮਾਮਲਾ ਗੜਬੜ ਹੈ...

ਜਦੋਂ ਡਿਗਰੀ ਮੁੰਡੇ ਨੂੰ ਥਿਆਵੇ
ਧੱਕੇ ਵਿਚ ਦਤਤਰੀਂ ਖਾਵੇ
ਪਰ ਨੌਕਰੀ ਨਜ਼ਰ ਨਾ ਆਵੇ
ਤਾਂ ਸਮਝੋ ਮਾਮਲਾ ਗੜਬੜ ਹੈ...

## ਛਾਂ

ਤਿੱਖੜ ਦੁਪਹਿਰੇ ਵਗਦੀ ਲੂਅ ਵਿਚ
ਕਿੱਥੇ ਰੁੱਕੀਏ ?
ਕਿੱਧਰੇ ਵੀ ਕੋਈ ਰੁੱਖ ਨਹੀਂ ਦਿਸਦਾ ।

ਆਪਣੀ ਛਾਂ ਵਿਚ ਹੋਣਾ ਉਂਝ ਅਸੰਭਵ
ਏਸ ਲਈ ਆ
ਤੂੰ ਮੇਰੀ ਮੈਂ ਤੇਰੀ ਛਾਂ ਵਿਚ ਹੋ
ਇਹ ਪੰਧ ਮੁਕਾਈਏ ।

## ਗੁਰਮੇਲ ਰਾਏ

### ਦੋ ਗ਼ਜ਼ਲਾਂ

—ਇੱਕ—

ਚਿਹਰਿਆਂ ਤੇ ਰੌਣਕਾਂ ਅੰਦਰ ਉਦਾਸੀ ਕ਼ਹਿਰ ਦੀ।
ਅਜਬ ਦੇਖੀ ਜ਼ਿੰਦਗੀ ਹੈ ਤੇਰੇ ਸੋਹਣੇ ਸ਼ਹਿਰ ਦੀ।

ਅੱਜ ਦੇ ਵਿਚ ਜੀਣ ਦੀ ਸਿਖਿਆ ਜੇ ਦੇ ਸਕਦੈਂ ਤਾਂ ਦੇਹ,
ਮਰ ਗਏ ਹਾਂ ਕਰ ਕੇ ਚਿੰਤਾ ਸਿਰਫ਼ ਲੰਘੇ ਪਹਿਰ ਦੀ।

ਆਲ੍ਹਣਾ ਵੀ ਮਿਰੇ ਵਾਂਗਰ ਬਿਖਰ ਜਾਣਾ ਸੀ ਮਿਰਾ,
ਘੜੀ ਸੰਕਟ ਦੀ ਜੇ ਵਿਹੜੇ ਹੋਰ ਥੋੜ੍ਹਾ ਠਹਿਰਦੀ।

ਅੱਕ ਗਏ ਬੇਨੀਂਦ ਜੀਂਦੇ, ਜਬਰ ਡਰ ਦੇ ਅੰਧਿਕਾਰ,
ਲੋਕ ਹੁਣ ਤਾਂ ਮੌਤ ਮੰਗਣ ਬੇਮੁਹਾਰੀ ਲਹਿਰ ਦੀ।

—ਦੋ—

ਝਾਕ ਕੀਤੀ ਉਮਰ ਭਰ ਰਾਹਾਂ 'ਚ ਬਹਿ ਕੇ।
ਆਏ ਉਹ ਤੇ ਲੰਘ ਗਏ ਬਸ 'ਹਾਏ'* ਕਹਿ ਕੇ।

ਨਾ ਤਿਰੇ ਸੰਗ ਦੋਸਤੀ ਨਾ ਦੁਸ਼ਮਣੀ,
ਲੰਘਦੈਂ ਕਿਉਂ ਫੇਰ ਮੇਰੇ ਨਾਲ ਖਹਿ ਕੇ।

*Hi-How Do You Do



ਜ਼ਿਦ ਕਰਦੈਂ ਹਾਲ ਦਿਲ ਦਾ ਹੁਣੇ ਦੱਸਾਂ,
ਸਮਾਂ ਕੱਢੀਂ ਕਰਾਂਗੇ ਗੱਲ ਰਤਾ ਬਹਿ ਕੇ।

ਸਿਫ਼ਤ ਤੇਰੀ ਕਰਕੇ ਮਿਹਣੇ ਹੀ ਨੇ ਵਣਜੇ,
ਏਹੀ ਕੁੱਝ ਖੱਟਿਆ ਹੈ ਤੇਰੇ ਨਾਲ ਰਹਿ ਕੇ।

ਕੱਲ੍ਹ ਮਿਲਾਂਗੇ ਆਖ ਪੰਛੀ ਉਡ ਗਿਆ ਉਹ,
ਹੋਈ ਮੁੱਦਤ ਫਿਰ ਨਾ ਆਇਆ ਗੱਲ ਕਹਿ ਕੇ।

ਦੇਖਣਾ ਹੈ ਕੀ ਹੈ ਰਿਸ਼ਤਾ ਨਾਲ ਉਸਦੇ,
ਸਾਗਰੀਂ ਦਿਲ ਦੇ ਪਤਾ ਲੱਗੇਗਾ ਲਹਿ ਕੇ।

# ਗੁਰਮੇਲ ਦਿਓਲ

## ਬੋਲੀਆਂ

1.
ਹਰ ਵੇ, ਹਰ ਵੇ, ਹਰ ਵੇ ਬਾਬਲਾ,
ਕਨੇਡਾ ਸਾਕ ਨਾ ਕਰ ਵੇ
ਵੇ ਕਨੇਡਾ ਦੇ ਮੁੰਡੇ ਲੋਭੀ ਸੁਣੀਂਦੇ,
ਕੁੱਟ ਕੁੱਟ ਲਾਹੁੰਦੇ ਖੱਲ ਵੇ
ਵੇ ਦੋ ਦੋ ਸਿਫ਼ਟਾਂ ਕੰਮ ਕਰਵਾਉਂਦੇ,
ਦੋ ਦੋ ਸਿਫ਼ਟਾਂ ਸਾਥੋਂ ਕੰਮ ਨੀ ਹੁੰਦਾ,
ਗੁੱਤੋਂ ਲੈਂਦੇ ਖਿੱਚ ਵੇ
ਮੇਰਾ ਰੁਲੇ ਡੋਰੀਆ
ਟੁੱਟੀ ਬੇਸਮਿੰਟ ਵਿੱਚ ਵੇ
ਮੇਰਾ ਰੁਲੇ ਡੋਰੀਆ...

2.
ਅੱਡੀ ਤਾਂ ਮੇਰੀ ਕੌਲ ਕੰਚ ਦੀ,
ਗੂਠੇ ਤੇ ਸਿਰਨਾਵਾਂ
ਮਾਪਿਆਂ ਬੁੱਢੇ ਨਾਲ ਵਿਆਹ ਕਰ ਦਿੱਤਾ,
ਦੇ ਕੇ ਚਾਰ ਕੁ ਲਾਵਾਂ
ਨੀਂ ਬੁੱਢਾ ਕਨੇਡਿਉਂ ਲੈਣ ਆ ਗਿਆ,
ਹੁਣ ਮੈਂ ਕਿਧਰ ਨੂੰ ਜਾਵਾਂ
ਹਾਏ ਇਕ ਚਿੱਤ ਕਰਦਾ ਬਹਿ ਜਾਂ ਵੀਹਰ ਕੇ,
ਇਕ ਚਿੱਤ ਕਰਦਾ ਜਾਵਾਂ
ਏਸ ਕਨੇਡਾ ਦਾ,
ਹੁਣ ਕੀ ਇਲਾਜ ਬਣਾਵਾਂ
ਏਸ ਕਨੇਡਾ ਦਾ...



3.
ਆਪ ਤੋੜਦਾ ਪੰਦਰਾਂ ਫਲੈਟ
ਮੈਥੋਂ ਤੁੜਵਾਉਂਦਾ ਤੀਹ
ਵੇ ਹੱਥਾਂ ਮੇਰਿਆਂ ਵਿੱਚ ਛਾਲੇ ਪੈ ਗਏ,
ਤੈਨੂੰ ਸਟੈਂਪਾਂ ਦੀ ਪਈ
ਤਰਸ ਤੂੰ ਕਰ ਮੁੰਡਿਆ
ਮੈਂ ਵੀ ਕਿਸੇ ਦੀ ਧੀ,
ਤਰਸ ਤੂੰ ਕਰ ਮੁੰਡਿਆ ..

4.
ਨੀਂ ਲੈ ਠੱਕ ਠੱਕ, ਲੈ ਠੱਕ ਠੱਕ ਬੂਹਾ ਖੜਕੇ
ਮੇਰਾ ਡਰਦੀ ਦਾ, ਮੇਰਾ ਡਰਦੀ ਦਾ, ਦਿਲ ਪਿਆ ਧੜਕੇ
ਕੁੰਡਾ ਖੋਲ੍ਹਿਆ, ਕੁੰਡਾ ਖੋਲ੍ਹਿਆ ਮੈਂ ਡਰ ਡਰ ਕੇ
ਲੈ ਆ ਗਿਆ, ਲੈ ਆ ਗਿਆ ਬੋਤਲ ਫੜ ਕੇ
ਚੱਕ ਪੀ ਗਿਆ, ਚੱਕ ਪੀ ਗਿਆ ਗੱਟ ਗੱਟ ਕਰਕੇ
ਮੈਨੂੰ ਕੁੱਟਿਆ, ਮੈਨੂੰ ਕੁੱਟਿਆ ਗੁੱਤੋਂ ਫੜ ਕੇ
ਮੈਂ ਵੀ ਦੇ 'ਤਾ, ਮੈਂ ਵੀ ਦੇ 'ਤਾ ਪਰਚਾ ਲਿਖ ਕੇ
ਲੈ ਆ ਗਿਆ, ਲੈ ਆ ਗਿਆ ਠਾਣਾ ਚੜ੍ਹ ਕੇ
ਲੇ ਲੈ ਗਏ, ਲੈ ਲੈ ਗਏ ਸੋਹਣੇ ਨੂੰ ਫੜ ਕੇ
ਮੈਂ ਦੇਖਾਂ ਮੈਂ ਦੇਖਾਂ ਕੋਠੇ ਚੜ੍ਹ ਕੇ
ਨੀਂ ਛੁਡਾ ਲੈ ਵੈਰਨੇ
ਜ਼ਮੀਨ ਗਹਿਣੇ ਧਰ ਕੇ,
ਨੀਂ ਛੁਡਾ ਲੈ ਵੈਰਨੇ...

5.
ਬਾਹਰੋਂ ਆਇਆ, ਚੁਕਿਆ ਚਕਾਇਆ,
ਚੁੱਕ ਲੀ ਆਣ ਕੇ ਸੋਟੀ
ਨੀਂ ਆਟਾ ਮੇਰਾ ਗੁੰਨਿਆਂ ਪਿਆ ਸੀ
ਦਾਲ ਪਈ ਸੀ ਘੋਟੀ
ਨੀਂ ਚੁੱਕੀ ਪਰੈਣੀ ਮਾਰਨ ਲੱਗਾ
ਮੈਂ ਆਖਿਆ ਸੀ ਦੇਖੀਂ
ਜੇ ਤੂੰ ਇਉਂ ਕਰਨੀ

ਭੌਰ ਜਾਣਗੇ ਪੇਕੀਂ,
ਜੇ ਤੂੰ ਇਉਂ ਕਰਨੀਂ...

6.

ਕੰਮ ਨੀਂ ਕਰਦਾ ਧੰਦਾ ਨੀਂ ਕਰਦਾ
ਆ ਬੈਠਾ ਪ੍ਰਦੇਸ
ਬੋਦੀਆਂ ਵਾਹ ਛੱਡਦਾ,
ਮਾੜੇ ਮੇਰੇ ਲੇਖ,
ਬੋਦੀਆਂ ਵਾਹ ਛੱਡਦਾ...

7.

ਦਾਰੂ ਪੀਣੇ ਨੂੰ ਵਿਆ 'ਤੀ ਮਾਪਿਆਂ,
ਉਹ ਤਾਂ ਬੜਾ ਸ਼ੁਦਾਈ
ਲੱਤ ਤੇ ਲੱਤ ਧਰ ਬਹਿ ਜਾਂਦਾ ਸੋਫ਼ੇ 'ਤੇ,
ਜਾਂਦਾ ਪੈੱਗ ਤੇ ਪੈੱਗ ਉਹ ਲਾਈ
ਦਾਰੂ ਪੀਣੇ ਨੇ,
ਮੇਰੀ ਸੁਰਤ ਭੁਲਾਈ,
ਦਾਰੂ ਪੀਣੇ ਨੇ...

8.

ਟਾਈਆਂ, ਟਾਈਆਂ, ਟਾਈਆਂ,
ਮਾਪਿਆਂ ਸਾਡਿਆਂ ਨੇ
ਧੀਆਂ ਵਿੱਚ ਕਨੇਡਾ ਵਿਆਹੀਆਂ
ਐਥੇ ਆ ਕੇ ਬੇਰੀ ਤੋੜਨ
ਉਥੋਂ ਪੜ੍ਹਦੀਆਂ ਕਾਲਜੋਂ ਆਈਆਂ
ਸੱਸਾਂ ਬੁਰੀਆਂ ਨੇ
ਨੂੰਹਾਂ ਬੱਚਿਆਂ ਸਣੇ ਕਢਵਾਈਆਂ
ਧੀਆਂ ਨੇ ਤੰਗ ਆ ਕੇ
ਫਿਰ ਦਿੱਤੀਆਂ ਰਾਮ ਦੁਹਾਈਆਂ
ਚਿੱਠੀਆਂ ਲਿਖ ਲਿਖ ਕੇ
ਫਿਰ ਧੁਰ ਇੰਡੀਆ ਨੂੰ ਪਾਈਆਂ
ਮਾਪਿਓ ਸਾਡਿਓ ਵੇ



ਕਿਉਂ ਧੀਆਂ ਕਨੇਡਾ ਵਿਆਹੀਆਂ
ਮਾਪਿਓ ਸਾਡਿਓ ਵੇ...

9.

ਇੰਡੀਆ ਦੀ ਮੈਂ ਜੰਮੀ ਜਾਈ,
ਕਨੇਡਾ ਦੇ ਵਿੱਚ ਆਣ ਵਿਆਹੀ
ਚਾਰ ਵਜੇ ਉਠ ਲੰਚ ਬਣਾਉਂਦੀ
ਲੰਚ ਬਣਾ ਕੇ ਫ਼ਾਰਮ 'ਚ ਆਈ
ਫ਼ਾਰਮ 'ਚ ਆਈ ਨਾਲ ਜੱਟ ਲੜ ਪੈਂਦਾ,
ਬੇਰੀ ਥੋੜੀ ਤੁੜਵਾਈ
ਨੀਂ ਬੇਰੀ ਤੁੜਵਾਈ, ਫਲੈਟ ਲੁਆਏ
ਫਲੈਟ ਲੁਆ ਕੇ ਘਰ ਨੂੰ ਆਈ
ਘਰ ਆਈ ਨਾਲ ਸੱਸ ਲੜ ਪੈਂਦੀ
ਰੋਟੀ ਟਾਈਮ ਨਾਲ ਨਾ ਪਕਾਈ
ਉਠ ਜੂੰ ਇੰਡੀਆ ਨੂੰ
ਮੇਰੀ ਰਾਮ ਦੁਹਾਈ,
ਉਠ ਜੂੰ ਇੰਡੀਆ ਨੂੰ...

10.

ਕਨੇਡਾ ਕਨੇਡਾ ਕਰਦਾ ਮੁੰਡਿਆ
ਕੀ ਕਨੇਡਾ ਤੋਂ ਲੈਣਾ
ਵੇ ਕਨੇਡਾ ਵਿੱਚ ਤਾਂ ਔਖੀ ਨੌਕਰੀ
ਔਖਾ ਚਿੱਤ ਲਗਾਉਣਾ
ਕਨੇਡਾ ਨਾ ਜਾਈਂ ਵੇ
ਇੰਡੀਆ ਦੇਸ਼ ਨੀ ਥਿਆਉਣਾ,
ਕਨੇਡਾ ਨਾ ਜਾਈਂ ਵੇ...

## ਗੁਰਚਰਨ ਟੱਲੇਵਾਲੀਆ

### ਬੋਲੀਆਂ

1.
ਸੱਤ ਸਮੁੰਦਰੋਂ ਪਾਰ ਜਿਨ੍ਹਾਂ ਦਾ,
ਲਿਖਿਆ ਖਾਣਾ ਦਾਣਾ
ਇਸ ਦਾਣੇ ਨੇ ਪੱਟ 'ਤੇ ਲੋਕੀ,
ਆਖ਼ਰ ਖ਼ਾਕ ਸਮਾਣਾ
ਮਿਲਦੀ ਨਾ ਮਜ਼ਦੂਰੀ ਏਥੇ,
ਮਿਲਦਾ ਨਹੀਂ ਟਿਕਾਣਾ
ਦੇਹੀ ਰੋਗ ਲਗਾ ਲਏ ਆ ਕੇ,
ਨਿਤ ਡਾਕਟਰ ਦੇ ਜਾਣਾ
ਦੋਸਤ ਥੋੜ੍ਹੇ ਦੁਸ਼ਮਣ ਬਹੁਤੇ
ਵਾਹ ਪਏ ਤੋਂ ਜਾਣਾਂ
ਸੁਰਗ ਤੁਹਾਡਾ, ਨਰਕ ਅਸਾਡਾ,
ਬੰਦ ਬੌਕਸ ਵਿੱਚ ਖਾਣਾ ਪਾਣਾ
ਮਿੱਠੀਆਂ ਜੇਹਲਾਂ 'ਚੋਂ
ਵਤਨਾਂ ਨੂੰ ਟੁਰ ਜਾਣਾ
ਮਿੱਠੀਆਂ ਜੇਹਲਾਂ 'ਚੋਂ...

2.
ਖ਼ਤਮ ਹੋ ਗਿਆ ਰਾਜ ਬੂਰੇ ਦਾ,
ਕਾਲਾ ਝੋਟਾ ਆਇਆ
ਦੇਸੀ ਢੱਗਾ, ਖੁਰੀ ਵਲੈਤੀ,
ਵੱਗ ਡੰਗਰਾਂ ਦਾ ਧਾਇਆ



ਮਿਲੀ ਅਜ਼ਾਦੀ ਵਿੱਡਲ-ਜੋਕਾਂ,
ਪੀਤਾ ਖ਼ੂਨ ਪਰਾਇਆ
ਆਦਮ-ਖ਼ੋਰ ਜਨੂੰਨੀ ਲੀਡਰ,
ਕੇਹਾ ਭੇਖ ਵਟਾਇਆ
ਟੈਕਸ ਗੱਡਾ, ਟੈਕਸ ਖੋਤਾ,
ਟੈਕਸ ਮੰਜਿਆਂ ਨੂੰ ਲਾਇਆ
ਆਈ ਅਜ਼ਾਦੀ, ਹੋਰ ਗ਼ੁਲਾਮੀ,
ਲੋਕਾਂ ਸੱਚ ਸੁਣਾਇਆ
ਛੱਡ ਗਿਆ ਵਤਨਾਂ ਨੂੰ,
ਡੇਰਾ ਜਾ ਪ੍ਰਦੇਸੀਂ ਲਾਇਆ
ਛੱਡ ਗਿਆ ਵਤਨਾਂ ਨੂੰ...

3.
ਬੁਰਜੂ ਲਾਣਾ ਸਭ ਨੂੰ ਲੁਟਦਾ,
ਬਣ ਕੇ ਦੇਸ਼ ਪੁਜਾਰੀ
ਨੀਲੀ ਫਿਲਮ, ਸ਼ਰਾਬਾਂ, ਪੱਤੇ
ਫੋਕੀ ਪੱਤਰਕਾਰੀ
ਨਵੇਂ ਸਾਲ ਦੀ ਦੇਣ ਵਧਾਈ,
ਲੀਡਰ, ਲਿਖਤ, ਲਿਖਾਰੀ
ਵਿੱਚ ਚੁਰਾਹੇ ਕੁੱਤਿਆਂ ਵਾਂਗੂ,
ਹੱਡ ਦੀ ਖੱਲ ਉਤਾਰੀ
ਵਿੱਚ ਦੁਆਰੇ ਲੜਦੇ ਰਹਿੰਦੇ,
ਕੀਹਦੀ ਜੇਬ ਹੈ ਭਾਰੀ
ਇਨ੍ਹਾਂ ਮੰਦਰਾਂ 'ਚੋਂ
ਲੱਦ ਗਏ ਧਰਮ ਵਪਾਰੀ
ਇਨ੍ਹਾਂ ਮੰਦਰਾਂ 'ਚੋਂ...

## ਸਤਵੰਤ ਸਿੰਘ 'ਅਜੀਤ'

### ਸਮਝਣ ਦੀ ਗੱਲ

ਕੋਈ ਨਾ ਸਮਝੇ ਮਨ ਦੀ ਗਾਥਾ,
ਕੋਈ ਨਾ ਬੁੱਝੇ ਦਿਲ ਦੀਆਂ ਗੱਲਾਂ ।
ਸ਼ਾਂਤ, ਅਡੋਲ ਦਿਸੇਂਦੇ ਸਾਗਰ,
ਪੈਂਦੀਆਂ ਰਹਿਣ ਸਦਾ ਤਰਥੱਲਾਂ ।

ਬਲਦੀ ਬੱਤੀ ਵਿਚੋਂ, ਜ਼ਾਹਰਾ ਦਿਸਦੈ
ਫੁੱਟ ਫੁੱਟ ਪੈਂਦਾ ਚਾਨਣ ।
ਤਨ ਬੱਤੀ ਦਾ ਸੜਦਾ ਰਹਿੰਦਾ,
ਇਸ ਨੂੰ ਸੂਝਾਂ ਵਾਲੇ ਜਾਨਣ ।

ਮਦੂਰਾ ਦਾ ਇੱਕ ਟੇਪਾ, ਸੋਚੋ,
ਕਿਹੜੇ ਹੀਲੇ ਹੋਂਦ 'ਚ ਆਉਂਦਾ ।
ਪਲਕਾਂ ਵਿਚ ਲਟਕਿਆ ਹੰਝੂ,
ਕਿਸੇ ਦੁਖਾਂਤ ਦੀ ਬਾਤ ਹੈ ਪਾਉਂਦਾ ।

ਹਰ ਇਕ ਸੋਚ ਤੇ ਹਰ ਇਕ ਚਿੰਤਨ,
ਖੋਪਰ ਵਿੱਚ ਹੀ ਸੁੱਤੇ ਰਹਿੰਦੇ ।
ਜੇਕਰ ਕਲਮ ਜਾਂ ਬੁੱਲ੍ਹ ਇਨ੍ਹਾਂ ਦੀ,
ਜੰਮਣ ਪੀੜਾ ਨੂੰ ਨਾ ਸਹਿੰਦੇ ।

ਸੈਂਖੀਏ ਦੀ ਪੁੱਠ ਜ਼ਹਿਰ ਵੀ ਹੁੰਦੀ,
ਜੀਵਨ ਦਾ ਆਧਾਰ ਵੀ ਬਣਦੀ ।
ਤੇਗ, ਜਿਵੇਂ ਪਰਹਾਰ ਵੀ ਕਰਦੀ,
ਨਾਲੇ ਹੈ ਉਪਕਾਰ ਵੀ ਬਣਦੀ ।



ਸੂਝ ਦੀ ਧਰਤੀ ਅੰਦਰ,
ਪਹਿਲਾਂ ਖਿਆਲਾਂ ਦਾ ਇੱਕ ਬੀਅ ਹੈ ਤਿੜ੍ਹਦਾ ।
ਫੇਰ ਹੀ ਮਨ ਦੀ ਟਾਹਣੀ ਉੱਤੇ,
ਇੱਕ ਵਿਸ਼ਵਾਸ ਦਾ ਫੁੱਲ ਹੈ ਖਿੜਦਾ ।

ਲੱਜ ਅਮਲ ਦੀ, ਮਨ ਦੀ ਮਣ 'ਤੇ,
ਪਲ ਪਲ ਘਾਸੇ ਪਾਂਦੀ ਰਹਿੰਦੀ ।
ਤਦ ਹੀ ਪੂਰਨ ਨਿਹਚੇ ਵਾਲੀ,
ਇੱਕ ਸਦੀਵੀ ਲੀਕ ਹੈ ਪੈਂਦੀ ।

ਹੰਸ ਤੇ ਬਗਲਾ, ਦੋ ਨੇ ਪੰਛੀ,
ਹਨ ਪਰ ਭਿੰਨ ਦੋਹਾਂ ਦੇ ਚੋਗੇ ।
ਹੰਸ ਨੇ ਨੀਰ 'ਚੋਂ ਲਭਣੇ ਮੋਤੀ,
ਪਰ ਬਗਲੇ ਨੇ ਮੱਛੀਆਂ ਘੋਗੇ ।

ਹਨ ਵਿਪਰੀਤ, ਕਪਟ ਕੋਮਲਤਾ,
ਹੋਂਦੇ ਜਿਵੇਂ ਸਨੇਹ ਤੇ ਸਾੜਾ ।
ਜੀਵਨ ਦੇ ਹੀ ਲੱਛਣ ਨੇ ਇਹ,
ਪਰ ਇਹਨਾਂ ਵਿੱਚ ਕੇਡਾ ਪਾੜਾ ।

ਵਿਚਾਰ ਦੀ ਡੰਡੀ ਪੈਰ ਟਿਕਾਇਆਂ,
ਇਸ ਪਾੜੇ ਦੀ ਦੂਰੀ ਘਟਦੀ, ।
ਤੁਰਦੀਆਂ ਜਦੋਂ ਸੂਰਜ ਦੀਆਂ ਕਿਰਨਾਂ,
ਜੱਗ ਦੀ ਧੁੰਦ ਤੇ ਕਾਲੋਂ ਛਟਦੀ ।

ਜੇ ਕੋਈ ਆਪਣਾ ਆਦਰ ਲੋਚੇ,
ਉਹ, ਆਦਰ ਕਰਨਾ ਵੀ ਸਿੱਖੇ ।
ਆਪਣੇ ਮਨ ਦੇ ਚਾਨਣ ਦੇ ਲਈ,
ਕਿਸੇ ਦੇ ਕਾਲੇ ਲੇਖ ਨਾ ਲਿਖੇ ।

ਕੋਈ ਨਾ ਸਮਝੇ ਮਨ ਦੀ ਗਾਥਾ;
ਕੋਈ ਨਾ ਬੁੱਝੇ ਦਿਲ ਦੀਆਂ ਗੱਲਾਂ ।

ਸ਼ਾਂਤ, ਅਡੋਲ ਦਿਸੇਂਦੇ ਸਾਗਰ,
ਪੈਂਦੀਆਂ ਰਹਿਣ ਸਦਾ ਤਰਥੱਲਾਂ ।

## ਧੁੱਪ ਛਾਂ

ਵਰ੍ਹਿਆਂ ਉੱਤੇ ਪੈਰ ਧਰਦਿਆਂ,
ਜੀਵਨ ਠਾਰਾਂ ਨਾਲ ਠਰਦਿਆਂ,
ਤੇ ਸੇਕਾਂ ਦਾ ਸੇਕ ਜਰਦਿਆਂ,
ਪਲ ਪਲ ਜਿਊਂਦਿਆਂ, ਪਲ ਪਲ ਮਰਦਿਆਂ,
ਕਿੰਨੇ ਹੋਰ ਮੰਡਲ ਨੇ ਗਾਹਣੇ ?
ਕਿੰਨੇ ਨਰਕ ਤੇ ਸੁਰਗ ਹੰਢਾਣੇ ?

ਕੁਆਰੀ ਉਮਰ ਦੇ ਅੱਲੇ ਸੁਪਨੇ,
ਖੇਲ ਮਲ੍ਹਾਰ ਦੇ ਸਮੇਂ ਸੁਹਪਨੇ,
ਸਾਰੇ ਪਲ ਨਿਰੋਲ ਹੀ ਅਪਨੇ,
ਕੇਵਲ ਪਾਣ ਹੰਢਾਣ ਦੇ ਫੁਰਨੇ,
ਖਬਰੇ ਕਿੱਧਰ ਲੋਪ ਹੋ ਗਏ,
ਸ਼ਾਇਦ ਬਹੁਤ ਕਰੋਪ ਹੋ ਗਏ ।

ਚਾਅ ਮਲ੍ਹਾਰ ਜਦ ਪਿੱਛੇ ਰਹਿ ਗਏ,
ਜੀਵਨ ਟਾਹਣ ਫਿਕਰ ਆ ਬਹਿ ਗਏ,
ਚੰਚਲ ਕਦਮ ਵੀ ਸਿੱਥਲ ਪੈ ਗਏ,
ਸੋਚ ਦੇ ਪੰਛੀ ਥੱਲੇ ਲਹਿ ਗਏ,
ਬੇ, ਫਿਕਰੀ ਨੂੰ ਤੋਣੀ ਆ ਗਈ,
ਲਾਲੀ ਜਗ੍ਹਾ ਪਿਲੱਤਣ ਛਾ ਗਈ ।

ਉਘੜੀ ਜਦੋਂ ਹਕੀਕਤ ਸਾਰੀ,
ਲੱਗੀ ਦਿਲ 'ਤੇ ਚੋਟ ਕਰਾਰੀ,
ਦੜ ਕੇ ਬਹਿ ਗਈ ਸੋਚ ਵਿਚਾਰੀ,
ਮਨ-ਪੰਛੀ ਗਿਆ ਭੁੱਲ ਉਡਾਰੀ,
ਫੁੱਲ ਕੁਮਲਾ ਗਏ, ਕੰਡੇ ਰਹਿ ਗਏ,
ਦਿਲ ਦਰਿਆ ਦੇ ਕੰਢੇ ਢਹਿ ਗਏ ।



ਸੱਖਣੇ ਹੋ ਗਏ ਦਿਲ ਦੇ ਕਾਸੇ,
ਪੱਲੇ ਰਹਿ ਗਏ ਸਮੇਂ ਉਦਾਸੇ,
ਮੁਸਕਾਣਾਂ ਲਈ ਬੁੱਲ੍ਹ ਪਿਆਸੇ,
ਰੂਹ ਨੂੰ ਦੇਵੇ ਕੌਣ ਦਿਲਾਸੇ,
ਗ਼ਮ ਬਦਲੋਟੀਆਂ ਚੜ੍ਹ ਚੜ੍ਹ ਆਵਣ,
ਚਾਨਣ ਖੇੜੇ ਲੁਕ ਲੁਕ ਜਾਵਣ ।

ਆ ਗਿਆ ਹੁਣ ਦੁੱਖਾਂ ਨੂੰ ਜਰਨਾ,
ਅੰਗਿਆਰੀਂ ਪੱਬਾਂ ਨੂੰ ਧਰਨਾ,
ਸੇਕ ਨੂੰ ਸਹਿਣਾ, ਸੀ ਨਾ ਕਰਨਾ,
ਜੋ ਕਰਨਾ ਹੈ, ਕਰ ਗੁਜ਼ਰਨਾ,
ਸੋਚ 'ਚੋਂ ਜਾਗੀ ਬੇ-ਪਰਵਾਹੀ,
ਗੂੜ੍ਹੀ ਹੋ ਹੋ ਲਿਸ਼ਕੀ ਸਿਆਹੀ ।

ਦਿਲ ਦੇ ਆਲ੍ਹਣੇ ਚਿੜੀ ਜੋ ਬਹਿੰਦੀ,
ਗ਼ਮ ਦੀਆਂ ਬਾਤਾਂ ਪਾਉਂਦੀ ਰਹਿੰਦੀ,
ਹੱਥੀਂ ਲਾ ਦੁੱਖਾਂ ਦੀ ਮਹਿੰਦੀ,
ਜਿੰਦ ਸਹੇਂਦੜ ਜਾਂਦੀ ਸਹਿੰਦੀ,
ਜਰਨ 'ਚ ਵੀ ਹੈ ਸੁਆਦ ਅਨੋਖਾ,
ਜੀਵਨ ਪੰਧ ਹੈ ਬਣਦਾ ਸੌਖਾ ।

ਵਰ੍ਹਿਆਂ ਉਤੇ ਪੈਰ ਧਰਦਿਆਂ,
ਜੀਵਨ ਠਾਰਾਂ ਨਾਲ ਠਰਦਿਆਂ...

## ਸਾਡਾ ਦੁਖਾਂਤ

ਧਰਤੀ ਹੋ ਗਈ ਦੂਰ,
ਮੇਰੀ ਧਰਤੀ ਰਹਿ ਗਈ ਦੂਰ
ਮੇਰੇ ਵੱਲ ਉਹ ਸਰਕ ਨਾ ਸਕਦੀ,
ਮੈਂ ਵਧਣੋਂ ਮਜਬੂਰ
ਮੇਰੀ ਧਰਤੀ ...

ਚਾਨਣ ਹੁੰਦਿਆਂ ਫਿਰ ਵੀ ਨ੍ਹੇਰਾ,
ਰਾਤ 'ਚ ਲੁਕਿਆ ਕਿਤੇ ਸਵੇਰਾ,
ਦੇਖਦਿਆਂ ਅੱਜ ਦਿਸਦਾ ਨਾਹੀਂ,
ਕੌਣ ਹੈ ਮੇਰਾ ਕੌਣ ਹੈ ਤੇਰਾ,
ਕਿਸ ਹੋਣੀ 'ਤੇ ਉਂਗਲ ਧਰੀਏ,
ਕਿਸ ਦਾ ਇਹ ਕਸੂਰ, ਮੇਰੀ ਧਰਤੀ...

ਬਰਫ਼ਾਂ ਹੇਠਾਂ ਅੱਗ ਹੈ ਬਲਦੀ,
ਧਰਤੀ ਦੀ ਹੈ ਚਰਬੀ ਢਲਦੀ,
ਰੁੱਖ ਸਾਰੇ ਹਨ ਸੇਕ ਨੇ ਲੂਹੇ
ਕਿਸੇ ਖ਼ੁਦਾ ਦੀ ਵਾਹ ਨਾ ਚਲਦੀ,
ਭਾਲੋ ਕੋਈ ਮਾਂਦਰੀ, ਵੀਰੋ !
ਕੀਲੇ ਜਿਹੜਾ ਫ਼ਤੂਰ, ਮੇਰੀ ਧਰਤੀ...

ਸਾਡੇ ਘਰ ਸੇਹ ਤੱਕਲਾ ਗਡਿਆ,
ਸਾਨੂੰ ਜਿਸ ਖੱਖੜੀ ਕਰ ਛੱਡਿਆ
ਵੰਡਿਆ ਬਲ ਆਪੂੰ ਵਿੱਚ ਖਹਿੰਦਾ,
ਜਿਸ ਨੇ ਹੋਰ ਕਚੂੰਬਰ ਕੱਢਿਆ,
ਬਾਲ, ਅਬਲਾ ਤੇ ਬਿਰਧ ਨਿਤਾਣੇ,
ਕੋਹੀਦੇ ਹਨ ਬੇ ਕਸੂਰ, ਮੇਰੀ ਧਰਤੀ...

ਆਲ੍ਹਣਿਆਂ 'ਤੇ ਗਿੱਧ ਆ ਬਹਿ ਗਏ,
ਬੋਟ ਸਭੇ ਕੁਰਲਾਂਦੇ ਰਹਿ ਗਏ ।
ਰੀਝਾਂ ਨਾਲ ਉਸਾਰੇ ਸੀ ਜੋ,
ਉਹ ਸੁਪਨਿਆਂ ਦੇ ਮੰਦਰ ਢਹਿ ਗਏ ।
ਵੈਦਾਂ ਬਾਝੋਂ ਜ਼ਖ਼ਮ ਦਿਲਾਂ ਦੇ,
ਬਣ ਗਏ ਨੇ ਨਾਸੂਰ, ਮੇਰੀ ਧਰਤੀ ..

ਜੋੜੋ ਉਇ ਕੋਈ ਤੀਲ੍ਹਾ ਤੀਲ੍ਹਾ,
ਭਰੀ ਬੰਨ੍ਹਣ ਦਾ ਕਰ ਲਉ ਹੀਲਾ ।
ਮੱਸੇ ਰੰਘੜ ਬੁੱਕਦੇ ਫਿਰਦੇ,
ਉੱਠੋ ਕੋਈ ਜੋਧਾ ਅਣਖੀਲਾ।



ਘੋਲੀ ਰੱਤ ਜਿਸ ਅੰਮ੍ਰਿਤ ਅੰਦਰ,
ਤੋੜੇ ਉਹਦਾ ਗ਼ਰੂਰ, ਮੇਰੀ ਧਰਤੀ...

ਧਰਤੀ ਦੀ ਖ਼ੁਸ਼ਬੋ ਗੁਆਚੀ,
ਤੇ ਵਿਰਸੇ ਦੀ ਲੋਅ ਗੁਆਚੀ ।
ਕਿਥੇ ਗੁੰਮ ਗਈ ਸਾਂਝੀ ਧੜਕਣ ?
ਦਿਲੀ ਪਿਆਰ ਦੀ ਛੁਹ ਗੁਆਚੀ ।
ਪੱਲੇ ਝਾੜ ਤੁਰੇ ਹਾਂ ਫਿਰਦੇ,
ਗੁਆ ਕੇ ਕੋਹਿਨੂਰ, ਮੇਰੀ ਧਰਤੀ...

ਲਭੋ ਉਇ ਕੋਈ ਹਿੰਦ ਦੀ ਚਾਦਰ,
ਟੋਲੋ ਉਇ ਕੋਈ ਅੱਜ ਦਾ ਕ਼ਾਦਰ ।
ਇੱਟ ਨਾਲ ਇੱਟ ਖੜਕਾਵਣ ਵਾਲਾ,
ਭਾਲੋ ਉਇ ਕੋਈ ਬੰਦਾ ਬਹਾਦਰ ।
ਜੋੜੇ, ਜੋ ਇਤਿਹਾਸ ਦੇ ਟੁਕੜੇ
ਹੋਏ ਜੋ ਚਕਨਾਚੂਰ, ਮੇਰੀ ਧਰਤੀ...

ਅੰਤਿਕਾ : ਇੱਕ

## ਪੰਜਾਬੀ ਲੇਖਕ ਮੰਚ ਵੈਨਕੂਵਰ ਦਾ ਇਤਿਹਾਸ

ਵੀਹਵੀਂ ਸਦੀ ਦੇ ਸਤਵੇਂ ਦਹਾਕੇ ਵਿਚ ਕੁਝ ਪੰਜਾਬੀ ਸਾਹਿਤਕਾਰ ਅਤੇ ਸਾਹਿਤ-ਰਸੀਏ ਕੈਨੇਡਾ ਆ ਵਸੇ। ਉਹ ਸਮੇਂ ਸਮੇਂ ਰਲ ਕੇ ਬੈਠਣ ਲੱਗੇ। ਇਨ੍ਹਾਂ ਬੈਠਕਾਂ ਵਿਚ ਸਾਹਿਤਕ-ਕਿਰਤਾਂ ਪੜ੍ਹੀਆਂ ਜਾਂਦੀਆਂ ਅਤੇ ਸਾਹਿਤਕ ਚਰਚਾ ਹੁੰਦੀ। ਕਈ ਵਾਰ ਇਕ ਸਾਹਿਤ ਸਭਾ ਬਣਾਉਣ ਬਾਰੇ ਵਿਚਾਰ ਵਟਾਂਦਰਾ ਹੋਇਆ। ਇਨ੍ਹਾਂ ਸੋਚਾਂ ਦੇ ਫਲ ਸਰੂਪ 6 ਜਨਵਰੀ 1973 ਨੂੰ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ (ਕੈਨੇਡਾ) ਸਥਾਪਤ ਹੋਈ। ਇਸ ਜਥੇਬੰਦੀ ਨੇ ਸਾਲ 1980 ਵਿਚ ਪੁਸਤਕ 'ਕੈਨੇਡਾ ਦੀ ਪੰਜਾਬੀ ਕਵਿਤਾ' ਪ੍ਰਕਾਸ਼ਿਤ ਕੀਤੀ ਜਿਸ ਵਿਚ ਸਮੁੱਚੇ ਕੈਨੇਡਾ ਵਿਚੋਂ 27 ਕਵੀਆਂ ਦੀਆਂ ਰਚਨਾਵਾਂ ਅਤੇ 1973-80 ਦੇ ਸਮੇਂ ਵਿਚ ਸੰਸਥਾ ਦੀਆਂ ਸਾਹਿਤਕ ਸਰਗਰਮੀਆਂ ਦਾ ਵਿਸਥਾਰ ਸ਼ਾਮਿਲ ਹੈ।

ਪ੍ਰਬੰਧਕੀ ਢਾਂਚੇ ਵਿਚ ਸਾਦਗੀ ਲਿਆਉਣ ਦੀ ਖਾਤਰ 3 ਜੂਨ 1984 ਨੂੰ ਉਪਰਲੀ ਸੰਸਥਾ ਪੰਜਾਬੀ ਲੇਖਕ ਮੰਚ (Panjabi Writers Forum) ਦੇ ਰੂਪ ਵਿਚ ਮੁੜ ਸੰਗਠਿਤ ਕੀਤੀ ਗਈ। ਇਸ ਪਿੱਛੋਂ ਹਰ ਸਾਲ ਕੇਵਲ ਦੋ ਜਾਂ ਤਿੰਨ ਨਵੇਂ ਕੋਆਰਡੀਨੇਟਰ ਹੀ ਪ੍ਰਬੰਧਕੀ ਕੰਮ ਚਲਾਣ ਲਈ ਚੁਣੇ ਜਾਂਦੇ ਹਨ, ਹੋਰ ਕੋਈ ਆਹੁਦੇਦਾਰ ਨਹੀਂ ਹੁੰਦਾ। ਮਾਇਕ ਲੇਖੇ ਜੋਖੇ ਦੇ ਕੰਮ ਦੀ ਸੇਵਾ, ਨਿਰੰਤਰਤਾ ਲਈ ਪੱਕੇ ਤੌਰ ਉਤੇ ਗੁਰਚਰਨ ਰਾਮਪੁਰੀ ਨੂੰ ਸੰਭਾਲ ਦਿਤੀ ਗਈ। ਪ੍ਰਬੰਧ ਦੀ ਇਸ ਸਾਦਗੀ ਸਦਕਾ ਸਿਰਜਣਾਤਮਕ ਕੰਮ ਵਲ ਵਧੇਰੇ ਧਿਆਨ ਦਿਤਾ ਜਾ ਸਕਿਆ ਹੈ।

ਮੰਚ ਦੀ ਮੀਟਿੰਗ ਬਕਾਇਦਗੀ ਨਾਲ ਹਰ ਮਹੀਨੇ ਦੇ ਪਹਿਲੇ ਐਤਵਾਰ ਤੀਜੇ ਪਹਿਰ ਮਿਥੇ ਸਮੇਂ ਕਿਸੇ ਸਾਂਝੇ ਥਾਂ ਜਾਂ ਕਿਸੇ ਮੈਂਬਰ ਦੇ ਘਰ ਹੁੰਦੀ ਹੈ। ਸਾਲ 1992 ਦੇ ਅੱਧ ਤੋਂ ਹਰ ਮਹੀਨੇ ਦੋ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ : ਮੌਲਿਕ ਰਚਨਾਵਾਂ ਜਾਂ ਦੂਜੀਆਂ ਬੋਲੀਆਂ ਚੋਂ ਅਨੁਵਾਦ ਪੜ੍ਹੇ ਜਾਂਦੇ ਹਨ ਜਿਨ੍ਹਾਂ ਉੱਤੇ ਉਸਾਰੂ ਪੜਚੋਲ ਕੀਤੀ ਜਾਂਦੀ ਹੈ।

## ਮਹਿਮਾਨ ਸਾਹਿਤਕਾਰਾਂ ਦਾ ਸੁਆਗਤ

ਪੁਨਰ-ਗਠਨ ਤੋਂ ਪਿਛੋਂ ਸੰਸਥਾ ਦੀਆਂ ਸਰਗਰਮੀਆਂ ਵਿਚ ਇਕ ਨਵਾਂ ਉਤਸ਼ਾਹ ਆਇਆ ਹੈ ਜਿਸ ਦੇ ਸਿੱਟੇ ਵਜੋਂ ਸਾਹਿਤ ਰਚਨਾ ਦੇ ਨਾਲ ਨਾਲ ਅਨੇਕਾਂ ਵਿਸ਼ੇਸ਼ ਸਮਾਗਮ ਸਮੇਂ ਸਮੇਂ ਕੀਤੇ ਗਏ, ਜਿਨ੍ਹਾਂ ਵਿਚ ਹੇਠ ਲਿਖੇ ਮਹਿਮਾਨ ਸਾਹਿਤਕਾਰਾਂ/ਕਲਾਕਾਰਾਂ ਦਾ ਸੁਆਗਤ ਕੀਤਾ ਗਿਆ, ਉਨ੍ਹਾਂ ਦੇ ਵਿਚਾਰ ਅਤੇ ਰਚਨਾਵਾਂ ਸੁਣੀਆਂ ਗਈਆਂ ਅਤੇ ਉਨ੍ਹਾਂ ਦੀਆਂ ਕਲਾ-ਕਿਰਤਾਂ ਦੀਆਂ ਨੁਮਾਇਸ਼ਾਂ ਲਾਈਆਂ ਗਈਆਂ ।

—ਤਖਤ ਸਿੰਘ (ਕਵੀ) ਭਾਰਤ (19.8.84)
—ਹਰਜੀਤ ਚਿਤ੍ਰਕਾਰ (ਭਾਰਤ) ਅਮੂਰਤ (Abstract) ਚਿਤ੍ਰਕਾਰੀ ਬਾਰੇ
ਚਰਚਾ ਅਤੇ ਉਨ੍ਹਾਂ ਦੀਆਂ ਕਲਾ-ਕਿਰਤਾਂ ਦੀ ਨੁਮਾਇਸ਼ (19.4.86)
—ਹਰਕੇਵਲ ਸਿੰਘ ਕੇਵਲ (ਕਵੀ) ਭਾਰਤ (18.5,86)
—ਅਵਤਾਰ ਸਾਦਿਕ (ਕਵੀ) ਇੰਗਲੈਂਡ (18.5,86)
—ਸੁਰਿੰਦਰ/ਨਵਤੇਜ ਭਾਰਤੀ (ਕਵੀ) ਲੰਡਨ (3.8.86/6.5.90/3.8.91)
—ਮਧੂ ਕਿਸ਼ਵਰ (ਸੰਪਾਦਿਕ ਮਨੁਸ਼ੀ, ਮਾਨਵ ਅਧਿਕਾਰ ਸੰਗਰਾਮੀ) (3.8.86)
—ਰਣਜੀਤ ਸਿੰਘ ਮਾਂਗਟ (ਕਵੀ) ਭਾਰਤ (1.11.86)
—ਮੇਵਾ ਸਿੰਘ ਗਿੱਲ (ਕਵੀ) ਭਾਰਤ (13.2.87)
—ਰਘਬੀਰ ਸਿੰਘ (ਐਡੀਟਰ ਸਿਰਜਣਾ) ਭਾਰਤ (7.11 8/; 2.9.90)
—ਅਮਰਜੀਤ ਚੰਦਨ (ਕਵੀ, ਐਡੀਟਰ, ਲੇਖਕ) ਇੰਗਲੈਂਡ (16.1 88)
— ਰਘਬੀਰ ਢੰਡ (ਕਹਾਣੀਕਾਰ) ਸ੍ਰੀਮਤੀ ਪ੍ਰਕਾਸ਼ ਢੰਡ—ਇੰਗਲੈਂਡ (4.6.88)
—ਪ੍ਰਕਾਸ਼ (ਚਿਤ੍ਰਕਾਰ ਪੰਜਾਬੀ ਟ੍ਰਿਬਿਊਨ) ਭਾਰਤ (4.6.88)
—ਡਾ. ਸਾਧੂ ਸਿੰਘ ਧਾਮੀ (ਨਾਵਲਿਸਟ) ਕਰਤਾ 'ਮਲੂਕਾ'-ਸਵਿਟਜ਼ਰਲੈਂਡ,(1.10.88)
—ਮੋਹਣ ਬੱਗਣ (ਫਿਲਮ ਐਕਟਰ) ਚੰਨ ਪ੍ਰਦੇਸੀ-ਭਾਰਤ (22.10.88)
—ਵਰਿਆਮ ਮਸਤ (ਡਰਾਮਾ ਡਾਇਰੈਕਟਰ/ਐਕਟਰ) ਭਾਰਤ (22.10.88)
—ਬਨਵਾਰੀ ਲਾਲ (ਮੂਕ ਐਕਟਰ) ਭਾਰਤ (22.10.88)
—ਇੰਦਰਜੀਤ ਸਿੰਘ (ਸੰਗੀਤਕਾਰ) ਭਾਰਤ (22.10,88)
—ਸ੍ਰੀ ਕੇਸਰ (ਐਕਟਰ ਪ੍ਰੋਡਿਊਜ਼ਰ) ਭਾਰਤ (22.10,88)
—ਸਤਵੰਤ ਦੀਪਕ (ਕਵੀ) ਐਡਮਿੰਟਨ-ਅਲਬਰਟਾ (2 7.89)
—ਲਾਟ ਭਿੰਡਰ (ਕਵੀ) ਐਡਮਿੰਟਨ-ਅਲਬਰਟਾ (2.7.89 ਅਤੇ 1991)
—ਹਰਜੀਤ ਦੌਧਰੀਆ (ਲੇਖਕ) ਇੰਗਲੈਂਡ (20.8.89)
—ਅਮ੍ਰਿਤਜੀਤ ਸਿੰਘ (ਪ੍ਰੋਫੈਸਰ) ਅਮਰੀਕਾ (20.8.89)
—ਸੁਰਿੰਦਰ ਧੰਜਲ (ਕਵੀ) ਪਾਸ਼ ਮੈਮੋਰੀਅਲ ਟ੍ਰਸਟ-ਕੈਮਲੂਪਸ (10.9.89/3.8.91)
—ਮੱਖਣ ਸਿੰਘ ਚਾਨਾ (ਕਵੀ) ਭਾਰਤ (5.11.89)



—ਜਗਦਰਸ਼ਨ ਸਮਰਾ (ਐਕਟਰ) ਭਾਰਤ (4.2.90)
—ਜਮਾਲ ਹੁਸ਼ਿਆਰਪੁਰੀ (ਕਵੀ) ਲਾਹੌਰ ਪਾਕਿਸਤਾਨ (28.5.90)
—ਇਕਬਾਲ ਖਾਨ (ਕਵੀ) ਟਰਾਂਟੋ (5.8.90)
—ਗੁਰਦੇਵ ਲਾਲੀ (ਕਵੀ) ਟਰਾਂਟੋ (5.8.90)
—ਸਰਜਿੰਦਰ ਸਿੰਘ (ਪ੍ਰੋਫੈਸਰ) ਅੰਮ੍ਰਿਤਸਰ ਭਾਰਤ (5.8.90)
—ਜਨਮੇਜਾ ਸਿੰਘ ਜੌਹਲ (ਫੋਟੋ ਕਲਾਕਾਰ) ਭਾਰਤ (2.9.90)
—ਸ੍ਰੀਮਤੀ/ਡਾ. ਸੁਰਿੰਦਰ ਸਿੰਘ ਕੋਹਲੀ (ਪ੍ਰੋਫੈਸਰ/ਲੇਖਕ) ਭਾਰਤ (12.1.91)
—ਇਕਬਾਲ ਰਾਮੂਵਾਲੀਆ (ਕਵੀ) ਟਰਾਂਟੋ (3.2.91)
—ਸ਼ੀਲਾ ਮੁੰਨਾ ਲਾਲ/ਰਘਬੀਰ ਸਿੰਘ (ਸੋਸ਼ਲ ਵਰਕਰ) (5,5.91)
—ਸ੍ਰੀਮਤੀ/ਪ੍ਰੋ. ਭੁਪਿੰਦਰ ਸਿੰਘ (ਪ੍ਰੋਫੈਸਰ) ਭਾਰਤ (2.6.91)
—ਰਾਵਿੰਦਰ ਗਿੱਲ (ਕਵੀ) ਟਰਾਂਟੋ (3.8.91)
—ਬਚਿੰਤ ਕੌਰ (ਕਹਾਣੀਕਾਰ) ਭਾਰਤ (18.8.91)
—ਡਾ. ਪ੍ਰੇਮ ਪ੍ਰਕਾਸ਼ ਸਿੰਘ (ਭਾਸ਼ਾ ਵਿਗਿਆਨੀ) ਟਰਾਂਟੋ (18.8.91)
—ਹਰਦੇਵ ਸਿੰਘ ਵਿਰਕ ਐਡਮਿੰਟਨ (1991)
—ਜਗਮੋਹਨ ਸਿੰਘ (ਪ੍ਰੋਫੈਸਰ/ਇਤਿਹਾਸਕਾਰ) ਭਾਰਤ (20.10.91)
—ਡਾ. ਸਾਧੂ ਸਿੰਘ (ਕਹਾਣੀਕਾਰ/ਆਲੋਚਕ) ਭਾਰਤ (20.10.91)
—ਤਰਸੇਮ ਸਿੰਘ ਪੁਰੇਵਾਲ-ਪੰਜਾਬੀ ਫਾਊਂਡੇਸ਼ਨ ਆਫ ਕੈਨੇਡਾ-ਆਟਵਾ (9.2.92)
—ਡਾ. ਅਸ਼ੋਕ ਸ਼ਰਮਾ (ਹਿੰਦੀ ਕਵੀ) ਭਾਰਤ (7.6.92)
—ਹਰਭਜਨ ਹਲਵਾਰਵੀ (ਕਵੀ/ਐਡੀਟਰ ਪੰਜਾਬੀ ਟ੍ਰਿਬਿਊਨ) ਭਾਰਤ (19.7.92)
—ਸੋਹਨ ਕਾਦਰੀ (ਚਿਤਰਕਾਰ/ਕਵੀ) ਡੈਨਮਾਰਕ/ਭਾਰਤ (2.8.92)
—ਡਾ. ਸਈਦ ਫਰਾਨੀ 'ਕੰਮੀ' (ਪ੍ਰੋਫੈਸਰ,ਪੰਜਾਬੀ ਬੋਲੀ ਸੰਗਰਾਮੀਆਂ)
ਪਾਕਿਸਤਾਨ (23.8.92)
—ਡਾ. ਰਘਬੀਰ ਸਿੰਘ (ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਭਾਰਤ (ਸਤੰਬਰ, 92)
—ਜਗਜੀਤ ਸਿੰਘ ਆਨੰਦ (ਸੰਪਾਦਕ ਨਵਾਂ ਜ਼ਮਾਨਾ) ਭਾਰਤ (1.11.92)

## ਪੁਸਤਕ ਮੇਲੇ/ਕਵੀ ਦਰਬਾਰ

ਕੈਨੇਡਾ ਵਿਚ ਹਰ ਸਾਲ ਅਪਰੈਲ ਦੇ ਅਖ਼ੀਰਲੇ ਹਫਤੇ ਪੁਸਤਕ ਮੇਲੇ ਲਾਏ ਜਾਂਦੇ ਹਨ । ਮੰਚ ਵਲੋਂ ਵੀ ਪਿਛਲੇ ਕੁਝ ਸਾਲਾਂ ਤੋਂ ਪੁਸਤਕ ਮੇਲਾ ਲਾਣ ਦਾ ਫੈਸਲਾ ਕੀਤਾ ਇਆ । 21-29 ਅਪ੍ਰੈਲ 1990, 22-28 ਅਪ੍ਰੈਲ 1991 ਅਤੇ 25 ਅਪ੍ਰੈਲ 2 ਮਈ 1992 ਨੂੰ ਪੁਸਤਕ ਮੇਲੇ ਲਾਏ ਗਏ । ਇਸ ਸਮੇਂ ਲੇਖਕਾਂ ਦੇ ਪੋਰਟਰੇਟਾਂ ਅਤੇ ਪੁਸਤਕਾਂ ਦੀ ਨੁਮਾਇਸ਼ ਲਾਈ ਗਈ । ਪੰਜਾਬੀ ਅਤੇ ਅੰਗਰੇਜ਼ੀ ਵਿਚ ਕਵੀ ਦਰਬਾਰ ਕੀਤੇ ਗਏ । ਕੈਨੇਡਾ ਵਿਚ ਪੁਸਤਕ ਪ੍ਰਕਾਸ਼ਨ ਦੀ ਸਮੱਸਿਆ ਉਤੇ ਨਵਤੇਜ ਭਾਰਤੀ

ਨੇ 29.4.90 ਨੂੰ ਸੈਮੀਨਾਰ ਕੀਤਾ ।

## ਹਿੰਸਾ ਦਾ ਵਿਰੋਧ ਅਤੇ ਸੋਗ ਮਤੇ

ਪਿਛਲੇ ਦਸਾਂ ਸਾਲਾਂ ਤੋਂ ਪੰਜਾਬ ਸਰਕਾਰੀ ਅਤੇ ਅੱਤਿਵਾਦੀ ਹਿੰਸਾ ਦਾ ਸੰਤਾਪ ਭੋਗ ਰਿਹਾ ਹੈ । ਇਸ ਸਮੇਂ ਵਿਚ ਪੰਜਾਬੀ ਦੇ ਅਨੇਕਾਂ ਸਿਰਕੱਢ ਸਾਹਿਤਕਾਰ ਅਤਿਵਾਦੀ ਹਿੰਸਾ ਦਾ ਸ਼ਿਕਾਰ ਹੋ ਚੁੱਕੇ ਹਨ । ਕਈ ਉਘੇ ਸਾਹਿਤਕਾਰ ਕੁਦਰਤੀ ਕਾਰਨਾਂ ਕਰਕੇ ਸਾਥੋਂ ਵਿਛੜ ਗਏ ਹਨ । ਇਸ ਨਾਲ ਪੰਜਾਬੀ ਸਾਹਿਤ ਅਤੇ ਪੰਜਾਬੀ ਭਾਈਚਾਰੇ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ।

ਮੰਚ ਨੇ ਹੇਠ ਲਿਖੇ ਲੋਕਾਂ ਦੇ ਸਦੀਵੀ ਵਿਛੋੜੇ ਸਮੇਂ ਸੋਗ-ਮਤੇ ਪਾਸ ਕੀਤੇ :

ਸੁਮੀਤ, ਅਵਤਾਰ ਸਿੰਘ 'ਪਾਸ਼', ਜੈਮਲ ਪੱਢਾ, ਉਰਦੂ ਨਾਟਕਕਾਰ ਸਫ਼ਦਰ ਹਾਸ਼ਮੀ, ਬੰਤ ਸਿੰਘ ਰਾਏਪੁਰੀ (ਪੱਤਰਕਾਰ), ਡਾ. ਰਵਿੰਦਰ ਰਵੀ (ਪੰਜਾਬੀ ਯੂਨੀਵਰਸਿਟੀ) ਸਕੱਤਰ ਕੇਂਦਰੀ ਪੰਜਾਬੀ ਲਿਖਾਰੀ ਸਭਾ ਹਿੰਸਾ ਦਾ ਸ਼ਿਕਾਰ ਹੋ ਗਏ । ਇਨ੍ਹਾਂ ਕਤਲਾਂ ਦੀ ਭਰਪੂਰ ਨਿਖੇਧੀ ਕੀਤੀ ਗਈ । ਪ੍ਰੋ. ਬਲਬੀਰ ਸਿੰਘ ਸੰਧੂ (ਭਾਸ਼ਾ ਵਿਗਿਆਨੀ) ਚੰਡੀਗੜ੍ਹ ਅਤੇ ਕਪੂਰ ਸਿੰਘ ਘੁੰਮਣ-ਨਾਟਕਕਾਰ,ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਹਾਦਸਿਆਂ ਕਾਰਨ ਸਾਨੂੰ ਸਦੀਵੀ ਵਿਛੋੜਾ ਦੇ ਗਏ ।

ਰਜਿੰਦਰ ਸਿੰਘ ਬੇਦੀ (ਕਹਾਣੀਕਾਰ-ਉਰਦੂ ਪੰਜਾਬੀ) ਫ਼ੈਜ਼ ਅਹਿਮਦ ਫ਼ੈਜ਼ (ਕਵੀ-ਉਰਦੂ/ਪੰਜਾਬੀ) ਕੁਲਵੰਤ ਸਿੰਘ ਵਿਰਕ (ਕਹਾਣੀਕਾਰ), ਸੰਤ ਰਾਮ ਉਦਾਸੀ (ਕਵੀ), ਸ. ਸ. ਮੀਸ਼ਾ (ਕਵੀ), ਗੁਰਦਿਆਲ ਸਿੰਘ ਫੁੱਲ (ਨਾਟਕਕਾਰ), ਨਰਿੰਦਰ ਜੌਹਲ (ਐਡੀਟਰ ਰਣਜੀਤ, ਵੈਨਕੂਵਰ), ਤਖ਼ਤ ਸਿੰਘ (ਕਵੀ ਪੰਜਾਬੀ ਉਰਦੂ), ਸੁਰਜੀਤ ਰਾਮਪੁਰੀ (ਕਵੀ), ਡਾ. ਰਘਬੀਰ ਢੰਡ (ਕਵੀ/ਕਹਾਣੀਕਾਰ), ਤਰਸੇਮ ਨੀਲਗਿਰੀ (ਕਹਾਣੀਕਾਰ), ਕਰਤਾਰ ਸਿੰਘ ਸੁਮੇਰ (ਕਵੀ ਚਿਤਰਕਾਰ), ਸੁਜਾਨ ਸਿੰਘ (ਕਹਾਣੀਕਾਰ) ਕੁਦਰਤੀ ਕਾਰਨਾਂ ਕਰਕੇ ਸਾਥੋਂ ਵਿੱਛੜ ਗਏ ਹਨ ।

ਅਨੇਕਾਂ ਹੋਰ ਲੇਖਕ ਅਤੇ ਬੁਧੀਜੀਵੀ ਇਸ ਸਮੇਂ ਹਿੰਸਾ ਦਾ ਸ਼ਿਕਾਰ ਹੋਏ, ਜਿਵੇਂ ਕੈਨੇਡਾ ਵਿਚ ਗੁਰਚਰਨ ਰਾਮਪੁਰੀ, ਉੱਜਲ ਦੁਸਾਂਝ, ਦਰਸ਼ਨ ਗਿੱਲ, ਤਾਰਾ ਸਿੰਘ ਆਦਿ ਲੇਖਕਾਂ ਉਤੇ ਗੰਭੀਰ ਹਮਲੇ ਕੀਤੇ ਗਏ । ਕਈਆਂ ਹੋਰਾਂ ਨੂੰ ਲੰਮਾ ਸਮਾਂ ਧਮਕੀਆਂ ਮਿਲਦੀਆਂ ਰਹੀਆਂ । ਮੰਚ ਨੇ ਬਾਰ ਬਾਰ ਹਿੰਸਾ ਦੀ ਅਤੇ ਇਸ ਰਾਹੀਂ ਬੋਲਣ ਦੀ ਆਜ਼ਾਦੀ ਅਤੇ ਬੁਨਿਆਦੀ ਮਨੁੱਖੀ ਹੱਕ ਖੋਹਣ ਦੇ ਇਸ ਅਤਿਵਾਦੀ ਉਪਰਾਲੇ ਦੀ ਨਿਖੇਧੀ ਕੀਤੀ ।

ਮੰਚ ਨੇ ਫੈਸਲਾ ਕੀਤਾ ਕਿ ਹਿੰਸਾ ਦਾ ਸ਼ਿਕਾਰ ਹੋਏ ਸਾਹਿਤਕਾਰਾਂ ਦੀ ਯਾਦ ਵਿਚ ਹਰ ਸਾਲ 10 ਸਤੰਬਰ 'ਕਵਿਤਾ ਦਿਵਸ' ਦੇ ਰੂਪ ਵਿਚ ਮਨਾਇਆ ਜਾਵੇਗਾ ।

ਇਹ ਕਵੀ ਪਾਸ਼ ਦਾ ਜਨਮ ਦਿਨ ਹੈ ।

29.9.85 ਨੂੰ ਇਕ ਮਤੇ ਰਾਹੀਂ ਦੱਖਣੀ ਅਫ਼ਰੀਕਾ ਸਰਕਾਰ ਦੀ ਨਸਲਵਾਦੀ



ਨੀਤੀਆਂ ਦੀ ਨਿਖੇਧੀ ਕੀਤੀ ਗਈ । ਅੰਤਰਰਾਸ਼ਟਰੀ ਭਾਈਚਾਰੇ ਵਲੋਂ ਉਸ ਸਰਕਾਰ ਵਿਰੁੱਧ ਤਿੱਖੀਆਂ ਆਰਥਕ ਪਾਬੰਦੀਆਂ ਲਾਣ ਦੀ ਮੰਗ ਕੀਤੀ ਗਈ ।

20.10.85 ਨੂੰ ਪਾਸ ਕੀਤੇ ਇਕ ਮਤੇ ਰਾਹੀਂ ਮੰਚ ਨੇ ਦੱਖਣੀ ਅਫ਼ਰੀਕਾ ਦੇ ਉੱਘੇ ਕਾਲੇ ਕਵੀ ਬੈਂਜੇਮਨ ਮੋਲੋਇਸ ਨੂੰ ਫਾਂਸੀ ਦੇਣ ਦੀ ਨਿਖੇਧੀ ਕੀਤੀ । ਇਸ ਮਤੇ ਵਿਚ ਦੱਖਣੀ ਅਫ਼ਰੀਕਾ ਦੇ ਕਾਲੇ ਲੋਕਾਂ ਦੇ ਹੱਕੀ ਮੁਕਤੀ-ਸੰਘਰਸ਼ ਦੀ ਹਿਮਾਇਤ ਕੀਤੀ ਗਈ ।

ਨਾਵਲਕਾਰ ਸਲਮਨ ਰਸ਼ਦੀ-ਕਰਤਾ 'ਸ਼ੈਤਾਨੀ ਆਇਤਾਂ (Satanic Verses) ਵਿਰੁੱਧ ਈਰਾਨ ਦੇ ਕੱਟੜਵਾਦੀ ਮਜ਼ਹਬੀ ਨੇਤਾ ਆਇਤੁੱਲਾ ਖੁਮੈਨੀ ਵਲੋਂ ਮੌਤ-ਚੰਡ ਦਾ ਫਤਵਾ ਦੇਣ ਵਿਰੁੱਧ ਮੰਚ ਨੇ 20.3.89 ਨੂੰ ਮਤਾ ਪਾਸ ਕੀਤਾ, ਜਿਸ ਵਿਚ ਕਿਹਾ ਗਿਆ ਕਿ ਲੇਖਕ ਨੂੰ ਆਪਣੇ ਵਿਚਾਰ ਲਿਖਣ ਦੀ ਸੰਪੂਰਨ ਆਜ਼ਾਦੀ ਹੋਣੀ ਚਾਹੀਦੀ ਹੈ ਅਤੇ ਪਾਠਕਾਂ ਨੂੰ ਉਸ ਦੇ ਵਿਚਾਰਾਂ ਨੂੰ ਪਸੰਦ ਜਾਂ ਨਾ-ਪਸੰਦ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ ।

ਸਮੇਂ ਸਮੇਂ ਅਖਬਾਰ 'ਇੰਡੋ ਕੈਨੇਡੀਅਨ ਟਾਈਮਜ਼' ਵਲੋਂ ਸਾਹਿਤਕਾਰਾਂ ਅਤੇ ਹੋਰ ਲੋਕਾਂ ਬਾਰੇ ਘਿਰਣਾ-ਜਨਕ ਅਤੇ ਅਸ਼ਲੀਲ ਬੋਲੀ ਵਰਤ ਕੇ ਕੀਤੀ ਜਾਂਦੀ ਸ਼ਾਬਦਿਕ-ਹਿੰਸਾ ਦੀ ਵੀ ਮੰਚ ਨੇ ਨਿਖੇਧੀ ਕੀਤੀ ।

## ਪੁਸਤਕ ਰੀਲੀਜ਼ ਸਮਾਰੋਹ

ਸਾਲ 1991 ਵਿਚ ਮੰਚ ਨੇ ਫ਼ੈਸਲਾ ਕੀਤਾ ਕਿ ਕਿਸੇ ਮੈਂਬਰ ਦੀ ਨਵੀਂ ਕਿਤਾਬ ਛਪਣ ਉੱਤੇ ਇਕ ਪੁਸਤਕ ਰੀਲੀਜ਼ ਸਮਾਰੋਹ ਕੀਤਾ ਜਾਵੇ । ਇਸ ਫੈਸਲੇ ਅਨੁਸਾਰ ਹੇਠ ਲਿਖੇ ਸਮਾਰੋਹ ਕੀਤੇ ਗਏ ।

1. ਚੂਰੀ (ਕਾਵਿ ਸੰਗ੍ਰਹਿ) ਨਰਿੰਦਰ ਬਾਈਆ ਅਰਸ਼ੀ (3.6.89)
2. ਕੌੜਾ ਸ਼ਰਬਤ (ਗਜ਼ਲ ਸੰਗ੍ਰਹਿ) ਇੰਦਰੇਸ਼ (2.7.89)
3. ਰਿਸ਼ਤੇ ਦਰਿਆਵਾਂ ਦੇ (ਕਾਵਿ ਸੰਗ੍ਰਹਿ) ਸਾਧੂ (29.8.91)
4. ਬਰਫ਼ ਦਾ ਮਾਰੂਥਲ (ਕਾਵਿ ਸੰਗ੍ਰਹਿ) ਮੰਗਾ ਸਿੰਘ ਬਾਸੀ (9.2.92)
5. ਅੱਗ ਦਾ ਸਫਰ (ਕਾਵਿ ਸੰਗ੍ਰਹਿ) ਦਰਸ਼ਨ ਗਿੱਲ (18.7.92)
6. ਧੂੰਏਂ ਵਿਚ ਛੁਪੀ ਅੱਗ (ਕਾਵਿ ਸੰਗ੍ਰਹਿ) ਮਹਿੰਦਰ ਸੂਮਲ (18.7.92)

ਇਸ ਬਾਕਾਇਦਾ ਫੈਸਲੇ ਤੋਂ ਪਹਿਲਾਂ 22.2.86 ਨੂੰ ਗੁਰਚਰਨ ਰਾਮਪੁਰੀ ਦੀ ਪੁਸਤਕ 'ਕਤਲਗਾਹ' ਵੀ ਰੀਲੀਜ਼ ਕੀਤੀ ਗਈ ਸੀ ।

ਇਨ੍ਹਾਂ ਬੈਠਕਾਂ ਵਿਚ ਸਾਹਿਤ-ਰਸੀਆਂ ਨੂੰ ਸ਼ਾਮਲ ਹੋਣ ਦਾ ਖੁਲ੍ਹਾ ਸੱਦਾ ਦਿੱਤਾ ਜਾਂਦਾ ਹੈ । ਲੇਖਕ ਤੋਂ ਉਸ ਦੀਆਂ ਚੋਣਵੀਆਂ ਰਚਨਾਵਾਂ ਸੁਣੀਆਂ ਜਾਂਦੀਆਂ ਹਨ । ਸਾਥੀ ਲੇਖਕ ਆਪਣੇ ਵਿਚਾਰ ਦਸ ਕੇ ਪੁਸਤਕ ਨੂੰ ਜੀਅ-ਆਇਆਂ ਆਖਦੇ ਹਨ । ਇਨ੍ਹਾਂ ਇਕੱਠਾਂ ਦਾ ਵਾਤਾਵਰਣ ਇਕ ਜਸ਼ਨ ਵਰਗਾ ਹੁੰਦਾ ਹੈ ।

## ਟੈਲੀਵਿਜ਼ਨ/ਰੇਡੀਓ ਪ੍ਰੋਗਰਾਮ

ਇੰਟਰਨੈਸ਼ਨਲ ਟੈਲੀਵਿਜ਼ਨ ਪ੍ਰੋਡਕਸ਼ਨ ਵੈਨਕੂਵਰ ਹਰ ਹਫਤੇ ਛੇ ਘੰਟੇ ਦਾ ਬਹੁ-ਭਾਸ਼ੀ ਪ੍ਰੋਗਰਾਮ ਰੀਲੇਅ ਕਰਦੇ ਹਨ ਜਿਸ ਵਿਚ ਫਿਲਮਾਂ ਅਤੇ ਡਰਾਮਿਆਂ ਦੇ ਨਾਲ ਨਾਲ ਹੋਰ ਸਾਹਿਤਕ ਸਭਿਆਚਾਰਕ ਪ੍ਰੋਗਰਾਮ ਵੀ ਵਿਖਾਏ ਜਾਂਦੇ ਹਨ। ਬੀ. ਬੀ. ਸੀ. ਲੰਡਨ ਨਾਲ ਰਹਿ ਚੁੱਕੀ ਸ੍ਰੀਮਤੀ ਸੁਸ਼ਮਾ ਸਰਦਾਨਾ ਇਸ ਕੰਪਨੀ ਦੀ ਮਾਲਕ/ਪ੍ਰੋਡਿਊਸਰ ਹੈ। ਇਹ ਪ੍ਰੋਗਰਾਮ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਦੇ ਲੱਖਾਂ ਭਾਰਤੀ ਪਾਕਿਸਤਾਨੀ ਮੂਲ ਦੇ ਲੋਕ ਦੇਖਦੇ ਹਨ। ਮੰਚ ਦੇ ਸਹਿਯੋਗ ਨਾਲ 3 ਘੰਟੇ ਦਾ ਕਵੀ ਦਰਬਾਰ ਇਸ ਸੰਸਥਾ ਨੇ ਰੀਕਾਰਡ ਕੀਤਾ। ਜਿਸ 'ਚੋਂ ਹਰ ਹਫਤੇ ਇਕ ਜਾਂ ਦੋ ਕਵੀਆਂ ਦੀਆਂ ਕਵਿਤਾਵਾਂ ਰੀਲੇਅ ਕੀਤੀਆਂ ਗਈਆਂ। ਇਹ ਪ੍ਰੋਗਰਾਮ ਅਪ੍ਰੈਲ ਤੋਂ ਜੁਲਾਈ 91 ਤੱਕ ਚਲਦਾ ਰਿਹਾ। ਮੰਚ ਦੇ ਮੈਂਬਰ ਕਦੇ ਕਦੇ ਇਨ੍ਹਾਂ ਟੀ.ਵੀ. ਪ੍ਰੋਗਰਾਮਾਂ ਵਿੱਚ ਸਾਹਿਤਕ/ਸਭਿਆਚਾਰਕ ਵਿਸ਼ਿਆਂ ਉੱਤੇ ਇੰਟਰਵੀਊ ਦੇਂਦੇ ਹਨ। ਸੁਸ਼ਮਾ ਹੋਰਨਾਂ ਇਕ ਰੰਗਾ ਰੰਗ ਰੇਡੀਓ ਪ੍ਰੋਗਰਾਮ ਰਿਮ-ਝਿਮ ਵੀ ਆਪਣੇ ਸਟੇਸ਼ਨ ਤੋਂ ਕਰਦੇ ਹਨ ਜੋ 24 ਘੰਟੇ ਚਲਦਾ ਰਹਿੰਦਾ ਹੈ। ਮੰਚ ਦੇ ਮੈਂਬਰ ਇਸ ਵਿਚ ਵੀ ਕਦੇ ਕਦੇ ਹਿੱਸਾ ਲੈਂਦੇ ਹਨ।

## ਕੈਨੇਡਾ ਵਿਚਲੀਆਂ ਲੇਖਕ ਸਭਾਵਾਂ ਨਾਲ ਸੰਬੰਧ

ਮੰਚ ਇਹ ਉਪਰਾਲਾ ਕਰਦਾ ਹੈ ਕਿ ਕੈਨੇਡਾ ਵਿਚ ਹੋ ਰਹੀਆਂ ਸਾਹਿਤਕ ਸਰਗਰਮੀਆਂ ਬਾਰੇ ਜਾਣਕਾਰੀ ਰੱਖੀ ਜਾਵੇ ਅਤੇ ਜਿੱਥੇ ਸੰਭਵ ਹੋਵੇ ਇਸ ਦੇ ਮੈਂਬਰ ਹੋਰਨਾਂ ਸ਼ਹਿਰਾਂ ਵਿਚ ਹੋ ਰਹੇ ਸਮਾਗਮਾਂ ਵਿਚ ਸ਼ਾਮਿਲ ਹੋਣ। ਦੂਜੀਆਂ ਸਾਹਿਤਕ ਜਥੇਬੰਦੀਆਂ ਦੇ ਮੈਂਬਰ ਮੰਚ ਦੇ ਸਮਾਗਮ ਵਿਚ ਆਣ। ਮੰਚ ਦੀਆਂ ਮੀਟਿੰਗਾਂ। ਸਮਾਗਮਾਂ ਸਮੇਂ ਟਰਾਂਟੋ, ਲੰਡਨ (ਅਨਟੇਰੀਓ) ਸਕੁਆਮਿਸ਼, ਮਿਸ਼ਨ ਕੈਮਲੂਪਸ (ਬੀ. ਸੀ.) ਐਡਮਿੰਟਨ (ਅਲਬਰਟਾ) ਵਿਨੀਪੈੱਗ (ਮੈਨੀਟੋਬਾ) ਆਦਿ ਥਾਵਾਂ ਤੋਂ ਆ ਕੇ ਸਾਹਿਤਕਾਰ ਸ਼ਾਮਿਲ ਹੁੰਦੇ ਹਨ। ਇਸੇ ਤਰ੍ਹਾਂ ਇਨ੍ਹਾਂ ਥਾਵਾਂ ਉੱਤੇ ਕੀਤੇ ਗਏ ਪ੍ਰੋਗਰਾਮਾਂ ਵਿਚ ਮੰਚ ਦੇ ਮੈਂਬਰ ਹਿੱਸਾ ਲੈਂਦੇ ਹਨ। ਸਮੇਂ ਸਮੇਂ, ਉਨ੍ਹਾ ਨਾਲ ਸਾਂਝੀਆਂ ਮੀਟਿੰਗਾਂ ਕੀਤੀਆਂ ਗਈਆਂ ਹਨ।

ਕੂਟਨੀ ਸਕੂਲ ਆਫ ਰਾਈਟਿੰਗ ਵਲੋਂ 27.11.86 ਨੂੰ ਇਕ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਪੰਜਾਬੀ ਕਵਿਤਾ ਅਤੇ ਉਸਦੇ ਅੰਗਰੇਜ਼ੀ ਅਨੁਵਾਦ ਪੜ੍ਹੇ ਗਏ ਇਸੇ ਤਰ੍ਹਾਂ ਹਿੰਦੀ ਲਿਟਰੇਰੀ ਸੁਸਾਇਟੀ ਆਫ ਬੀ. ਸੀ. ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਏਸ਼ੀਅਨ ਸਟੱਡੀਜ਼ ਵਿਭਾਗ ਵਲੋਂ ਬਹੁ-ਭਾਸ਼ੀ ਕਵੀ ਦਰਬਾਰ 20.4.91 ਅਤੇ 23.11.91 ਨੂੰ ਕੀਤੇ ਗਏ ਜਿਨ੍ਹਾਂ ਵਿਚ ਮੰਚ ਦੇ ਮੈਂਬਰਾਂ ਨੇ ਭਾਗ ਲਿਆ।



ਕੈਨੇਡੀਅਨ ਪੋਇਟਰੀ ਐਸੋਸੀਏਸ਼ਨ ਵਲੋਂ 21.11.91 ਨੂੰ ਕੀਤੇ ਗਏ ਕਵੀ ਦਰਬਾਰ ਵਿਚ ਵੀ ਮੰਚ ਦੇ ਮੈਂਬਰਾਂ ਨੇ ਭਾਗ ਲਿਆ।

ਮੰਚ ਦੇ ਕੁਝ ਮੈਂਬਰ ਵਿਅਕਤੀਗਤ ਤੌਰ ਉਤੇ ਰਾਈਟਰਜ਼ ਯੂਨੀਅਨ ਆਫ ਕੈਨੇਡਾ (Writers Union of Canada) ਅਤੇ ਬੀ. ਸੀ. ਰਾਈਟਰਜ਼ ਯੂਨੀਅਨ (B C. Writers Union) ਦੇ ਵੀ ਮੈਂਬਰ ਹਨ। ਇਨ੍ਹਾਂ ਜਥੇਬੰਦੀਆਂ ਦੇ ਕਈ ਮੈਂਬਰ ਜੋ ਅੰਗਰੇਜ਼ੀ ਜਾਂ ਹੋਰ ਬੋਲੀਆਂ ਵਿਚ ਲਿਖਣ ਵਾਲੇ ਉੱਘੇ ਸਾਹਿਤਕਾਰ ਹਨ ਮੰਚ ਦੇ ਸਮਾਗਮਾਂ ਵਿਚ ਸ਼ਾਮਿਲ ਹੁੰਦੇ ਰਹੇ ਹਨ।

ਕੈਨੇਡਾ ਵਿਚ ਹੋਈ ਨਸਲੀ ਘੱਟ ਗਿਣਤੀ ਲੇਖਕਾਂ (The Raeial Minority writers) ਦੀ ਪਹਿਲੀ ਕਾਨਫਰੰਸ ਰਾਈਟਰਜ਼ ਯੂਨੀਅਨ ਆਫ ਕੈਨੇਡਾ ਨੇ ਬੁਲਾਈ। 21 ਤੋਂ 24 ਮਈ 1992 ਨੂੰ ਜਨੇਵਾ ਪਾਰਕ ਓਰੀਲੀਆ (ਅਨਟੇਰੀਓ) ਵਿਖੇ ਹੋਈ ਇਸ ਕਾਨਫਰੰਸ ਵਿਚ ਮੰਚ ਦੇ ਛੇ ਮੈਂਬਰ ਸ਼ਾਮਿਲ ਹੋਏ। ਇਸ ਕਾਨਫਰੰਸ ਵਿਚ ਅਨੇਕਾਂ ਬੋਲੀਆਂ ਵਿਚ ਲਿਖਣ ਵਾਲੇ 62 ਲੇਖਕ ਸ਼ਾਮਿਲ ਹੋਏ ਸਨ।

## ਕੇਂਦਰੀ ਪੰਜਾਬੀ ਲੇਖਕ ਸਭਾ (ਪੰਜਾਬ) ਨਾਲ ਸੰਬੰਧਤ ਹੋਣਾ

ਕੇਂਦਰੀ ਲੇਖਕ ਸਭਾ ਪੰਜਾਬ ਵਿਚ ਲੇਖਕਾਂ ਦੀ ਸਭ ਤੋਂ ਵੱਡੀ ਜਥੇਬੰਦੀ ਹੈ ਜਿਸ ਨੇ ਲੰਮੇ ਸਮੇਂ ਤੋਂ ਪੰਜਾਬੀ ਬੋਲੀ ਲਈ ਸੰਗਰਾਮ ਤੋਰੀ ਰੱਖਿਆ ਹੈ। ਹੁਣ ਤੱਕ ਇਸ ਨਾਲ ਲਗਪਗ 70 ਲੇਖਕ ਸਭਾਵਾਂ ਸੰਮਿਲਤ ਹਨ ਅਤੇ ਇਸਦੇ ਲੇਖਕ ਮੈਂਬਰਾਂ ਦੀ ਗਿਣਤੀ 1700 ਸੌ ਤੋਂ ਵਧੀਕ ਹੈ। ਜੁਲਾਈ 1990 ਵਿਚ ਪੰਜਾਬੀ ਲੇਖਕ ਮੰਚ ਵੈਨਕੂਵਰ ਨੂੰ ਕੇਂਦਰੀ ਸਭਾ ਨਾਲ ਸੰਮਿਲਤ ਕਰ ਦਿੱਤਾ ਗਿਆ ਅਤੇ ਕੇਂਦਰੀ ਸਭਾ ਦੀ ਜੀਵਨ ਮੈਂਬਰੀ ਅਤੇ ਮਾਇਕ ਸਹਾਇਤਾ ਵਜੋਂ 3000 ਰੁਪਿਆ ਭੇਜਿਆ ਗਿਆ ਹੈ।

### ਸਾਲਾਨਾ ਪ੍ਰੀਤੀ ਭੋਜਨ

ਹਰ ਸਾਲ ਦਸੰਬਰ ਦੇ ਮਹੀਨੇ ਇਕ ਸ਼ਾਮ ਮੰਚ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਪ੍ਰਵਾਰਾਂ ਦਾ ਇਕ ਸਾਂਝਾ-ਪ੍ਰੀਤੀ ਭੋਜਨ ਕੀਤਾ ਜਾਂਦਾ ਹੈ ਜਿਸ ਵਿਚ ਸਾਰੇ ਪਰਿਵਾਰ ਜੁੜ ਬੈਠਦੇ ਹਨ। ਹਰ ਪਰਵਾਰ ਕੋਈ ਚੀਜ਼ ਬਣਾ ਲਿਆਉਂਦਾ ਹੈ। ਇਹ ਸ਼ਾਮ ਇਕ ਮਿਤਰਤਾ ਭਰਿਆ ਭਾਈਚਾਰਕ, ਸਾਹਿਤਕ ਜਸ਼ਨ ਹੁੰਦਾ ਹੈ, ਜਿਸ ਦੀ ਤੀਬਰਤਾ ਨਾਲ ਉਡੀਕ ਕੀਤੀ ਜਾਂਦੀ ਹੈ।

### ਲੇਖਕਾਂ ਦੀ ਸਹਾਇਤਾ

ਅਨੇਕਾਂ ਪੰਜਾਬੀ ਲੇਖਕਾਂ ਨੇ ਆਪਣਾ ਜੀਵਨ ਸਾਹਿਤ-ਸੇਵਾ ਦੇ ਲੇਖੇ ਲਾਇਆ

ਅਤੇ ਉਮਰ ਭਰ ਖਿੜੇ ਮੱਥੇ ਤੰਗੀਆਂ ਕੱਟੀਆਂ ਹਨ। ਉਨ੍ਹਾਂ 'ਚੋਂ ਦੋ ਨਾਂ ਬੜੇ ਉੱਘੜਵੇਂ ਹਨ . ਸੰਤੋਖ ਸਿੰਘ 'ਧੀਰ' ਅਤੇ ਸੁਜਾਨ ਸਿੰਘ। ਇਹ ਦੋਵੇਂ ਆਪਣੀ ਉਮਰ ਦੀ ਸ਼ਾਮ ਵੇਲੇ ਸਿਹਤ ਚੰਗੀ ਨਾ ਹੁੰਦੇ ਵੀ ਜੂਝ ਰਹੇ ਹਨ। ਇਸ ਲਈ ਮੰਚ ਨੇ ਮਹਿਸੂਸ ਕੀਤਾ ਕਿ ਇਨ੍ਹਾਂ ਦੀ ਸਹਾਇਤਾ ਕਰਨੀ ਸਾਡਾ ਫਰਜ਼ ਬਣਦਾ ਹੈ। ਸੋ ਸਾਲ 1988-89 ਵਿਚ ਸੰਤੋਖ ਸਿੰਘ 'ਧੀਰ' ਨੂੰ ਲਗਪਗ 20000 ਰੁਪਿਆ ਭੇਜਿਆ ਅਤੇ 1991 ਵਿਚ ਸੁਜਾਨ ਸਿੰਘ ਨੂੰ 5000 ਰੁਪਿਆ ਭੇਜਿਆ ਗਿਆ।

ਪੰਜਾਬੀ ਲੇਖਕ ਮੰਚ ਵੈਨਕੂਵਰ ਭਵਿੱਖ ਵਿਚ ਉਪਰਾਲਾ ਕਰੇਗਾ ਕਿ ਇਸ ਦੀਆਂ ਸਾਹਿਤਕ ਮੀਟਿੰਗਾਂ, ਪ੍ਰਕਾਸ਼ਨਾਵਾਂ ਅਤੇ ਚੱਲ ਰਹੇ ਹੋਰ ਪ੍ਰੋਗਰਾਮਾਂ ਵਿਚ ਵਧੇਰੇ ਸਰਗਰਮੀ ਲਿਆਂਦੀ ਜਾ ਸਕੇ।

—ਗੁਰਚਰਨ ਰਾਮਪੁਰੀ



## ਅੰਤਿਕਾ : ਦੋ

## ਪਹਿਲੀ ਕੈਨੇਡੀਅਨ ਪੰਜਾਬੀ ਸਾਹਿਤਕ ਕਾਨਫ਼ਰੰਸ 1987

ਪੰਜਾਬੀ ਲੇਖਕ ਮੰਚ ਵੈਨਕੂਵਰ, ਬੀ.ਸੀ. ਕੈਨੇਡਾ, ਵਲੋਂ ਪਹਿਲੀ ਕੈਨੇਡੀਅਨ ਪੰਜਾਬੀ ਸਾਹਿਤਕ ਕਾਨਫ਼ਰੰਸ ਵੈਨਕੂਵਰ 7, 8 ਅਤੇ 9 ਅਗਸਤ 1987 ਨੂੰ ਵੈਨਕੂਵਰ ਦੇ ਕਲਾਰਨੀ ਕਮਿਊਨਿਟੀ ਸੈਂਟਰ ਵਿਚ ਕਰਵਾਈ ਗਈ।

7 ਅਗਸਤ ਨੂੰ ਪੰਜ਼ਾਬੀ ਲੇਖਕ ਮੰਚ ਦੇ ਮੈਂਬਰਾਂ ਅਤੇ ਸਹਿਯੋਗੀਆਂ ਵਲੋਂ ਇਕ ਪਰਦਰਸ਼ਨੀ ਸਜਾਈ ਗਈ। ਜਿਸ ਨੂੰ ਤਿੰਨੇ ਦਿਨ ਹੀ ਸੈਂਕੜੇ ਦਰਸ਼ਕਾਂ ਨੇ ਦੇਖਿਆ। ਇਸ ਪ੍ਰਦਰਸ਼ਨੀ ਵਿਚ ਕੈਨੇਡਾ ਦੇ ਲੇਖਕਾਂ ਦੀਆਂ ਪੁਸਤਕਾਂ, ਕੈਨੇਡਾ ਵਿਚ ਛਪਦੇ ਰਹੇ ਅਤੇ ਛਪ ਰਹੇ ਅਖਬਾਰਾਂ, ਰਸਾਲਿਆਂ ਤੋਂ ਬਿਨਾਂ ਭਾਰਤ ਅਤੇ ਇੰਗਲੈਂਡ ਦੇ ਪ੍ਰਾਪਤ ਅਖ਼ਬਾਰ, ਰਸਾਲੇ, ਭਾਸ਼ਾ ਵਿਭਾਗ ਵਲੋਂ ਛਾਪੀਆਂ ਗਈਆਂ ਪੁਰਾਤਨ ਪੁਸਤਕਾਂ, ਦੂਜੀਆਂ ਬੋਲੀਆਂ ਅਤੇ ਦੂਜੇ ਦੇਸ਼ਾਂ ਦੇ ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਪੰਜਾਬੀ ਵਿਚ ਅਨੁਵਾਦ ਪੁਸਤਕਾਂ, ਭਾਰਤ ਦੇ ਪੁਰਾਤਨ ਮਹਾਂ ਕਾਵਿ ਮਹਾਂ-ਭਾਰਤ ਦੀਆਂ ਭਾਸ਼ਾ ਵਿਭਾਗ ਵਲੋਂ ਛਾਪੀਆਂ ਪਹਿਲੀਆਂ ਸੱਤ ਜਿਲਦਾਂ, ਇਸ ਸਦੀ ਦੇ ਮੁੱਢਲੇ ਲੇਖਕਾਂ (ਸਮੇਤ ਵਾਰਸ ਸ਼ਾਹ ਅਤੇ ਕਾਦਰਯਾਰ) ਦੇ ਚਾਲ਼ੀ ਦੇ ਕਰੀਬ ਵੱਡੇ ਚਿੱਤਰ ਜਿਨ੍ਹਾਂ ਵਿਚ ਕੈਨੇਡਾ ਦੇ ਦੋ ਦੇਸ਼ ਭਗਤ ਕਵੀਆਂ ਬਾਬਾ ਨਿਰੰਜਨ ਸਿੰਘ 'ਹਿੰਦ ਸੇਵਕ' (ਪੰਡੋਰੀ) ਅਤੇ ਉਨ੍ਹਾਂ ਦੇ ਪੁੱਤਰ ਸ੍ਰੀ ਗੁਰਦੇਵ ਸਿੰਘ 'ਯਕਦਮ' (ਢਿੱਲੋਂ) ਦੇ ਫੋਟੋ ਵੀ ਸ਼ਾਮਲ ਸਨ, ਪੇਂਟਿੰਗਜ਼, ਬਾਗ, ਫੁਲਕਾਰੀਆਂ, ਗਲੀਚੇ, ਥਰਡ ਆਈ ਪਬਲੀਕੇਸ਼ਨ ਲੰਡਨ, ਓਂਟੇਰੀਓ ਵਲੋਂ ਛਾਪੀਆਂ ਅੰਗਰੇਜ਼ੀ ਪੁਸਤਕਾਂ, ਦਰਪਨ ਪਬਲੀਕੇਸ਼ਨ ਵਲੋਂ ਵੇਚਣ ਲਈ ਕਿਤਾਬਾਂ ਦਾ ਸਟਾਲ, ਨਾਟਕਾਂ ਵਿਚ ਭਾਗ ਲੈਣ ਵਾਲੇ ਕਲਾਕਾਰਾਂ ਦੀਆਂ ਫੋਟੋ, ਖੇਡੇ ਨਾਟਕਾਂ ਨੂੰ ਵੀਡੀਓ ਰਾਹੀਂ ਲਗਾਤਾਰ ਦਿਖਾਉਣ ਲਈ ਪ੍ਰਬੰਧ ਆਉਣ ਵਾਲੇ ਦਰਸ਼ਕ ਉੱਪਰ ਪੰਜਾਬੀ ਸਭਿਆਚਾਰ ਦਾ ਪ੍ਰਭਾਵ ਪਾਏ ਬਿਨਾਂ ਨਹੀਂ ਸੀ ਰਹਿੰਦਾ।

ਇਹ ਹਾਲ 'ਪਹਿਲੀ ਕੈਨੇਡੀਅਨ ਪੰਜਾਬੀ ਸਾਹਿਤਕ ਕਾਨਫ਼ਰੰਸ' ਵੈਨਕੂਵਰ ਦੇ ਅੰਗਰੇਜ਼ੀ ਅਤੇ ਪੰਜਾਬੀ ਵਿਚ ਵੱਡੇ ਮਾਟੋਆਂ ਨਾਲ ਸਜਾਇਆ ਹੋਇਆ ਸੀ।

ਪਰਦਰਸ਼ਨੀ ਦੇ ਇੱਕ ਪਾਸੇ ਰਜਿਸਟਰੇਸ਼ਨ ਅਤੇ ਜਾਣਕਾਰੀ ਟੇਬਲ ਸੀ, ਜਿਥੇ ਵਲੰਟੀਅਰ ਦਰਸ਼ਕਾਂ ਦੀ ਸਹਾਇਤਾ ਲਈ ਹਾਜ਼ਰ ਸਨ ।

ਕਾਨਫ਼ਰੰਸ ਹਾਲ ਵਿਚ ਬੜਾ ਹੀ ਗੰਭੀਰ ਵਾਤਾਵਰਣ ਸੀ ।

ਸਟੇਜ ਦੇ ਪਿਛਵਾੜੇ, ਅੰਗਰੇਜ਼ੀ ਅਤੇ ਪੰਜਾਬੀ ਵਿਚ 'ਪਹਿਲੀ ਕੈਨੇਡੀਅਨ ਪੰਜਾਬੀ ਸਾਹਿਤਕ ਕਾਨਫ਼ਰੰਸ' 7, 8 ਅਤੇ 9 ਅਗਸਤ 1987 ਦੇ ਨਾਲ ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਵੱਡੇ ਬੈਨਰ ਸਜਾਏ ਹੋਏ ਸਨ ।

ਪੰਜਾਬੀ ਸਭਿਆਚਾਰ ਅਤੇ ਪੰਜਾਬੀ ਸਾਹਿਤ ਦੇ ਧਰਮ ਨਿਰਪੱਖਤਾ ਦੇ ਠੋਸ ਆਧਾਰ ਵੱਲ ਸੰਕੇਤ ਕਰਨ ਲਈ, ਬੈਨਰਾਂ ਦੇ ਦੁਆਲੇ ਚਾਰ ਵੱਡੇ ਚਿੱਤ੍ਰ ਮਿਸਟਰ ਐਮ. ਏ. ਮਕਾਲਿਫ, ਸਯਦ ਵਾਰਸ ਸ਼ਾਹ, ਗਿਆਨੀ ਹੀਰਾ ਸਿੰਘ ਦਰਦ ਅਤੇ ਲਾਲਾ ਕਿਰਪਾ ਸਾਗਰ ਦੇ ਲਗਾਏ ਗਏ ਸਨ । ਪੰਜਾਬ ਦੀ ਅਜੋਕੀ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਅਤੇ ਉਸ ਦੇ ਕੈਨੇਡਾ ਵਿਚ ਭਾਰਤੀ ਭਾਈਚਾਰੇ ਉੱਪਰ ਪ੍ਰਭਾਵ ਦੇ ਵਿਰੁੱਧ, ਪੰਜਾਬੀ ਲੇਖਕ ਮੰਚ ਦਾ ਦ੍ਰਿੜ ਸਟੈਂਡ ਉਜਾਗਰ ਹੋ ਰਿਹਾ ਸੀ ।

## ਸੁਆਗਤੀ ਸਮਾਗਮ

7 ਤੋਂ 9 ਵਜੇ ਸ਼ਾਮ ਨੂੰ ਬਾਹਰੋਂ ਆਏ ਲੇਖਕਾਂ ਦਾ ਸੁਆਗਤ ਕਰਨ ਲਈ ਸਾਦਾ ਅਤੇ ਪ੍ਰਭਾਵਸ਼ਾਲੀ ਸਮਾਗਮ ਹੋਇਆ । ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਕੁਆਰਡੀਨੇਟਰਾਂ : ਸ੍ਰੀ ਦਰਸ਼ਨ ਗਿੱਲ ਨੇ ਮੰਚ ਬਾਰੇ ਜਾਣਕਾਰੀ ਦਿਤੀ ਅਤੇ ਸ੍ਰੀ ਅਜਮੇਰ ਰੋਡੇ ਨੇ ਕਾਨਫਰੰਸ ਦੇ ਉਦੇਸ਼ਾਂ ਸਬੰਧੀ ।

ਇਹ ਬੜੀ ਖੁਸ਼ੀ ਦੀ ਗੱਲ ਸੀ ਕਿ ਕਾਨਫ਼ਰੰਸ ਵਿੱਚ ਹਿੱਸਾ ਲੈਣ ਲਈ ਨਵਤੇਜ ਭਾਰਤੀ, ਸੁਖਿੰਦਰ (ਲੰਡਨ ਅਨਟੇਰੀਓ), ਕੁਲਵੰਤ ਢੱਲਾ, ਯੁਵਰਾਜ ਰਤਨ (ਵਿਨੀਪੈੱਗ-ਮੈਨੀਟੋਬਾ) ਸੁਰਿੰਦਰ ਧੰਜਲ (ਐਡਮੰਟਨ-Alb) ਅਵਤਾਰ ਰੋਡੇ, ਤੇਜ ਸੰਧੂ (ਕੂਨੈਲ). ਸ਼ਮਸ਼ੇਰ ਕੰਗ, ਅਵਤਾਰ ਗਿੱਧਾ (ਸਕੁਆਮਿਸ਼), ਗੁਰੂਮੇਲ, ਜਸਪਾਲ ਸੂਸ (ਕੈਲੇਫੋਰਨੀਆ-ਅਮਰੀਕਾ) ਤੋਂ ਆਏ ਹੋਏ ਸਨ ।

ਕਾਨਫ਼ਰੰਸ ਲਈ ਹੋਰ ਵੀ ਸੁਭਾਗ ਭਰੀ ਗੱਲ ਇਹ ਸੀ ਕਿ ਪਾਕਿਸਤਾਨ ਵਿੱਚ ਪੰਜਾਬੀ ਬੋਲੀ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲਿਆਂ ਵਿੱਚੋਂ ਪ੍ਰਸਿਧ ਨਾਵਲਕਾਰ ਫ਼ਖ਼ਰ ਜ਼ਮਾਨ ਹੋਰੀਂ ਸ਼ਾਮਲ ਹੋਏ, ਜਿਨ੍ਹਾਂ ਤਿੰਨੇ ਦਿਨ ਹੀ ਕਾਨਫ਼ਰੰਸ ਵਿਚ ਘੰਟਿਆਂ ਬੱਧੀ ਬੈਠ ਕੇ ਕਾਰਵਾਈ ਨੂੰ ਨੀਝ ਲਾ ਕੇ ਵੇਖਿਆ ਅਤੇ ਸੁਣਿਆ । ਸ੍ਰੀ ਗੁਰਚਰਨ ਰਾਮਪੁਰੀ ਨੇ ਫ਼ਖ਼ਰ ਜ਼ਮਾਨ ਬਾਰੇ ਜਾਣਕਾਰੀ ਦਿੱਤੀ ।

ਸਵਾਗਤੀ ਸਮਾਗਮ ਵਿਚ ਬੋਲਦਿਆਂ ਸ੍ਰੀ ਫ਼ਖ਼ਰ ਜ਼ਮਾਨ ਨੇ ਪਾਕਿਸਤਾਨ ਵਿਚ ਪੰਜਾਬੀ ਬੋਲੀ ਲਈ ਕੀਤੇ ਜਾ ਰਹੇ ਸੰਘਰਸ਼ ਬਾਰੇ ਖੋਲ੍ਹ ਕੇ ਦੱਸਿਆ । ਉਨ੍ਹਾਂ ਦੱਸਿਆ ਕਿ ਪਾਕਿਸਤਾਨ ਵਿਚ ਪੰਜਾਬੀ ਬੋਲੀ ਦਾ ਸੰਘਰਸ਼ ਡਿਕਟੇਟਰਸ਼ਿਪ ਵਿਰੁਧ ਸੰਘਰਸ਼ ਨਾਲ ਇੱਕਮਿਕ ਹੋ ਚੁੱਕਾ ਹੈ ।



ਉਨ੍ਹਾਂ ਕਿਹਾ ਕੋਈ ਵੀ ਲੇਖਕ ਰਾਜਨੀਤੀ ਤੋਂ ਵੱਖ ਰਹਿ ਕੇ ਸਾਹਿਤ ਰਚਨਾ ਨਹੀਂ ਕਰ ਸਕਦਾ । ਜੋ ਰਾਜਨੀਤੀ ਤੋਂ ਦੂਰ ਰਹਿ ਕੇ ਲਿਖਦਾ ਹੈ, ਉਹ ਝੂਠਾ ਲੇਖਕ ਹੈ । ਜਦੋਂ ਲੋਕ ਆਪਣੇ ਜਮਹੂਰੀ ਹੱਕਾਂ ਲਈ ਲੜ ਰਹੇ ਹੋਣ ਲੇਖਕ ਅੱਖਾਂ ਨਹੀਂ ਮੀਟ ਸਕਦਾ ।

ਇਸ ਕਾਨਫ਼ਰੰਸ ਲਈ ਗਿਆਰਾਂ ਖੋਜ-ਪੱਤਰ ਉਚੇਚੇ ਲਿਖਵਾਏ ਗਏ ਜਿਨ੍ਹਾਂ ਵਿੱਚ ਕੈਨੇਡਾ ਵਿਚਲੇ ਪੰਜਾਬੀ-ਭਾਈਚਾਰੇ ਦੇ ਜੀਵਨ ਅਤੇ ਸਾਹਿਤ ਦੇ ਵੱਖੋ ਵੱਖ ਪੱਖਾਂ ਉੱਤੇ ਚਾਨਣਾ ਪਾਇਆ ਗਿਆ ਹੈ । ਉਨ੍ਹਾਂ ਖੋਜ ਪੱਤਰਾਂ ਵਿੱਚ ਵਿਚਾਰੇ ਗਏ ਵਿਸ਼ੇ ਹੇਠ ਲਿਖੇ ਸਨ :

—ਕੈਨੇਡੀਅਨ ਪੰਜਾਬੀ ਨਾਟਕ—ਅਜਮੇਰ ਰੋਡੇ
—ਕੈਨੇਡੀਅਨ ਪੰਜਾਬੀ ਪੱਤਰਕਾਰੀ—ਅਮਰਜੀਤ ਸੂਫ਼ੀ
—ਕੈਨੇਡਾ ਵਿਚ ਪੰਜਾਬੀ ਸਭਿਆਚਾਰ—ਸਾਧੂ
—ਅਜੋਕੀਆਂ ਸਮਾਜਕ ਸਥਿਤੀਆਂ ਅਤੇ ਕੈਨੇਡੀਅਨ ਪੰਜਾਬੀ ਲੇਖਕ—ਸੁਖਵੰਤ ਹੁੰਦਲ
—ਕੈਨੇਡੀਅਨ ਪੰਜਾਬੀ ਕਹਾਣੀ—ਸੁਰਜੀਤ ਕਲਸੀ
—ਕੈਨੇਡਾ ਦੇ ਪੰਜਾਬੀ ਸਾਹਿਤ ਵਿਚ ਸੰਵਾਦ ਦੀ ਸਮੱਸਿਆ—ਸੁਖਿੰਦਰ
—ਕੈਨੇਡੀਅਨ ਪੰਜਾਬੀ ਨਾਵਲ—ਸੁਰਿੰਦਰ ਧੰਜਲ
—ਕੈਨੇਡਾ ਵਿਚ ਪੰਜਾਬੀ ਸਾਹਿਤਕ ਅਤੇ ਸਭਿਆਚਾਰਕ ਸਰਗਰਮੀਆਂ—ਗੁਰਚਰਨ ਰਾਮਪੁਰੀ
—ਕੈਨੇਡੀਅਨ ਪੰਜਾਬੀ ਕਵਿਤਾ—ਦਰਸ਼ਨ ਗਿੱਲ
—ਕੈਨੇਡਾ ਦੀ ਪੰਜਾਬੀ ਕਵਿਤਾ ਅਤੇ ਕੈਨੇਡਾ ਦੀ ਮੁਖ ਧਾਰਾ ਕਵਿਤਾ—ਨਵਤੇਜ ਭਾਰਤੀ
—ਕੈਨੇਡਾ ਵਿਚ ਪੰਜਾਬੀ ਭਾਸ਼ਾ ਦਾ ਭਵਿੱਖ—ਬਲਬੀਰ ਸਿੰਘ ਮੋਮੀ

ਇਨ੍ਹਾਂ ਖੋਜ ਪੱਤਰਾਂ ਉੱਤੇ ਭਰਪੂਰ ਬਹਿਸ ਹੋਈ । ਇਹ ਸਾਰੇ ਲੇਖ ਟਿਪਣੀਆਂ ਸਮੇਤ 1990 ਵਿੱਚ ਮੰਚ ਦੀ **ਕੈਨੇਡੀਅਨ ਪੰਜਾਬੀ ਸਾਹਿਤ ਅਤੇ ਸਭਿਆਚਾਰ** ਵਿੱਚ ਛਾਪ ਦਿਤੇ ਗਏ ਹਨ, ਜੋ ਥਰਡ ਆਈ ਪਬਲੀਕੇਸ਼ਨ ਲੰਡਨ (ONT) ਵਲੋਂ ਪ੍ਰਕਾਸ਼ਿਤ ਕਰ ਦਿਤੇ ਗਏ ਹਨ ।

## ਆਰੰਭਕ ਸੈਸ਼ਨ

8 ਅਗਸਤ ਦੀ ਸਵੇਰ ਨੂੰ ਅੱਠ ਵਜੇ ਪਹਿਲਾ ਸੈਸ਼ਨ ਸੂਫ਼ੀ ਅਮਰਜੀਤ ਦੀ ਪ੍ਰਧਾਨਗੀ ਹੇਠ ਆਰੰਭ ਹੋਇਆ, ਜਿਸ ਵਿਚ ਤਿੰਨ ਖੋਜ ਪੱਤਰ, ਕੈਨੇਡਾ ਵਿਚ ਪੰਜਾਬੀ ਸਾਹਿਤਕ ਅਤੇ ਸਭਿਆਚਾਰਕ ਸਰਗਰਮੀਆਂ—ਗੁਰਚਰਨ ਰਾਮਪੁਰੀ, ਕੈਨੇਡੀਅਨ ਪੰਜਾਬੀ ਨਾਵਲ—ਸੁਰਿੰਦਰ ਧੰਜਲ ਅਤੇ ਕੈਨੇਡੀਅਨ ਪੰਜਾਬੀ ਕਵਿਤਾ—ਦਰਸ਼ਨ ਗਿੱਲ ਨੇ ਪੇਸ਼ ਕੀਤੇ ਜਿਨ੍ਹਾਂ ਦੇ ਕਰਮਵਾਰ ਮੌਡਰੇਟਰ ਕਰਮਜੀਤ ਗਰੇਵਾਲ, ਸੁਖਵੰਤ ਹੁੰਦਲ ਅਤੇ ਮੱਖਣ ਟੁੱਟ ਸਨ ।

ਦੂਜਾ ਸੈਸ਼ਨ ਸੁਰਿੰਦਰ ਧੰਜਲ (ਐਡਮਿੰਟਨ) ਦੀ ਪ੍ਰਧਾਨਗੀ ਹੇਠ ਹੋਇਆ। ਇਸ ਵਿਚ ਕੈਨੇਡੀਅਨ ਪੰਜਾਬੀ ਕਹਾਣੀ—ਸੁਰਜੀਤ ਕਲਸੀ, ਕੈਨੇਡਾ ਦੀ ਪੰਜਾਬੀ ਕਵਿਤਾ ਅਤੇ ਕੈਨੇਡਾ ਦੀ ਮੁੱਖਧਾਰਾ ਕਵਿਤਾ—ਨਵਤੇਜ ਭਾਰਤੀ (ਲੰਡਨ, ਓਂਟੇਰੀਓ) ਵਲੋਂ ਪੇਸ਼ ਕੀਤੇ ਗਏ ਜਿਨ੍ਹਾਂ ਦੇ ਕਰਮਵਾਰ ਮੌਡਰੇਟਰ ਮੁਹਿੰਦਰ ਸੂਮਲ ਅਤੇ ਯੁਵਰਾਜ ਰਤਨ (ਵਿਨੀਪੈਗ) ਸਨ।

## ਸਪੈਸ਼ਲ ਸੈਸ਼ਨ

ਦੂਜੇ ਦਿਨ ਦਾ ਸੈਸ਼ਨ ਬੜਾ ਹੀ ਪ੍ਰਭਾਵਸ਼ਾਲੀ ਸੀ। ਇਹ ਸਮਾਗਮ ਦੂਜੀਆਂ ਬੋਲੀਆਂ ਦੇ ਲੇਖਕਾਂ ਨਾਲ ਸੀ। ਇਸ ਸਮਾਗਮ ਵਿਚ ਅੰਗਰੇਜ਼ੀ, ਜਾਪਨੀ, ਜਰਮਨ, ਸਪੈਨਿਸ਼, ਚੀਨੀ, ਉਰਦੂ ਅਤੇ ਹਿੰਦੀ ਦੇ ਲੇਖਕ ਸ਼ਾਮਲ ਹੋਏ। ਇਸ ਸੈਸ਼ਨ ਦਾ ਮੰਤਵ ਦੂਜੀਆਂ ਬੋਲੀਆਂ ਦੇ ਲੇਖਕਾਂ ਨਾਲ ਵਿਚਾਰ ਵਟਾਂਦਰਾ ਕਰਨਾ ਸੀ ਅਤੇ ਇਸ ਸੰਭਾਵਨਾ ਨੂੰ ਵਿਕਸਤ ਕਰਨਾ ਸੀ ਕਿ ਕਿਵੇਂ ਪੰਜਾਬੀ ਲੇਖਕ ਅਤੇ ਦੂਜੀਆਂ ਬੋਲੀਆਂ ਦੇ ਲੇਖਕ, ਖਾਸ ਕਰਕੇ ਅੰਗਰੇਜ਼ੀ ਲੇਖਕ, ਇੱਕ ਦੂਜੇ ਨੂੰ ਸਮਝ ਸਕਣ, ਇੱਕ ਦਾ ਦੂਜੀ ਬੋਲੀ ਵਿਚ ਅਨੁਵਾਦ ਕੀਤਾ ਜਾ ਸਕੇ ਅਤੇ ਕਿਵੇਂ ਅੰਗਰੇਜ਼ੀ ਪ੍ਰਧਾਨ ਦੇਸ਼ ਵਿਚ ਪੰਜਾਬੀ ਸਾਹਿਤ ਵਧ ਫੁੱਲ ਸਕਦਾ ਹੈ।

ਇਸ ਸੈਸ਼ਨ ਵਿਚ ਦੂਜੀਆਂ ਭਾਸ਼ਾਵਾਂ ਦੇ ਇਹ ਲੇਖਕ ਸ਼ਾਮਲ ਸਨ : ਜੌਰਜ ਮੈਕਵਰਟਰ ਜੋ ਰਾਈਟਰਜ਼ ਯੂਨੀਅਨ ਆਫ਼ ਕੈਨੇਡਾ ਦੇ ਪ੍ਰਤੀਨਿਧ ਅਤੇ ਯੂ.ਬੀ.ਸੀ. ਦੇ ਕਰੀਏਟਿਵ ਰਾਈਟਿੰਗ ਵਿਭਾਗ ਦੇ ਮੁਖੀ ਹਨ। ਹਿਊਜੌਨਸਟਨ ਜੋ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਮੁਖੀ ਅਤੇ ਕੈਨੇਡੀਅਨ ਸਿੱਖ-ਪੰਜਾਬੀ ਇਤਿਹਾਸ ਵਿੱਚ ਨਿਪੁੰਨ ਹਨ, ਨੇ ਦਰਸ਼ਕਾ ਨੂੰ ਹੈਰਾਨ ਕਰ ਦਿੱਤਾ ਜਦੋਂ ਉਨ੍ਹਾਂ ਆਪਣਾ ਭਾਸ਼ਨ ਪੰਜਾਬੀ ਬੋਲੀ ਵਿਚ ਦਿੱਤਾ, ਕੈਲਵਿੰਨ ਵਾਲਟਨ ਜਿਨ੍ਹਾਂ ਕੂਟਨੀ ਸਕੂਲ ਆਫ ਰਾਈਟਿੰਗ ਦੀ ਪ੍ਰਤੀਨਿਧਤਾ ਕੀਤੀ, ਮਾਰੀਓ ਪੀਨੋਹ, ਜੋ ਪਹਿਲਾਂ ਯੂ.ਬੀ.ਸੀ. ਵਿਚ ਸਾਹਿਤ ਦੇ ਪ੍ਰੋਫੈਸਰ ਸਨ ਤੇ ਹੁਣ ਕੁਈਨਜ਼ ਯੂਨੀਵਰਸਿਟੀ ਕਿੰਗਸਟਨ; ਓਂਟੇਰੀਓ ਵਿਚ ਹਨ, ਕੈਨੇਡੀਅਨ ਪੋਏਟਰੀ ਐਸੋਸੀਏਸ਼ਨ ਦੇ ਚੇਂਡ-ਨਾਰਮਨ, ਕਵਿਤਰੀ, ਆਰਟਿਸਟ ਤੇ ਸਟੂਡੀਓ ਬੀ, ਬਰਨਬੀ ਦੀ ਬੈਥ ਜੈਕੋਲਾ, ਬੀ.ਸੀ. ਦੀ ਕਵਿਤਰੀ ਨੈਲੀ ਮੈਕਲੰਗ; ਚੀਨੀ ਕੈਨੇਡੀਅਨ ਕਵੀ ਜਿਮ ਵੂਅ, ਜਾਪਾਨੀ ਲੇਖਕਾ ਡਾਇਨਾ, ਹਿੰਦੀ ਲੇਖਕ ਡਾ. ਹਰੀ ਸ਼ਰਮਾ, ਉਰਦੂ ਅਤੇ ਪੰਜਾਬੀ ਲੇਖਕ ਫ਼ਖਰ ਜ਼ਮਾਨ (ਪਾਕਿਸਤਾਨ), ਪੰਜਾਬੀ ਅਤੇ ਸਿੱਖ ਸਟੱਡੀਜ਼ ਯੂ.ਬੀ.ਸੀ, ਦੀ ਚੇਅਰ ਦੇ ਪ੍ਰੋਫੈਸਰ ਹਰਜੋਤ ਸਿੰਘ ਉਬਰਾਏ, ਖਾਲਸਾ ਸਕੂਲ ਵੈਨਕੂਵਰ ਦੇ ਮੀਤ ਪ੍ਰਧਾਨ ਪ੍ਰੀਤਮ ਸਿੰਘ ਔਲਖ, ਜਰਮਨ ਸਾਹਿਤ ਦੇ ਇਕ ਪ੍ਰੋਫੈਸਰ ਅਤੇ ਹੋਰ ਸਥਾਨਿਕ ਲੇਖਕਾਂ ਅਤੇ ਦਰਸ਼ਕਾਂ ਨੇ ਇਸ ਵਿਸ਼ੇਸ਼ ਸੈਸ਼ਨ ਵਿਚ ਡੂੰਘੀ ਦਿਲਚਸਪੀ ਨਾਲ ਭਾਗ ਲਿਆ।

ਕਾਨਫਰੰਸ ਦੇ ਇਸ ਵਿਸ਼ੇਸ਼ ਸੈਸ਼ਨ ਨੂੰ ਇਕ ਮਹੱਤਵਪੂਰਨ ਪ੍ਰਾਪਤੀ ਦੇ ਤੌਰ



ਉਪਰ ਲਿਆ ਗਿਆ। ਮੰਚ ਵਲੋਂ ਅਜਮੇਰ ਰੋਡੇ, ਦਰਸ਼ਨ ਗਿੱਲ, ਸੁਰਜੀਤ ਕਲਸੀ ਨੇ ਆਏ ਲੇਖਕਾਂ ਨੂੰ ਮੰਚ ਸੰਬੰਧੀ, ਪੰਜਾਬੀ ਸਾਹਿਤ ਸੰਬੰਧੀ ਅਤੇ ਕਾਨਫਰੰਸ ਸੰਬੰਧੀ ਅੰਗਰੇਜ਼ੀ ਵਿਚ ਜਾਣਕਾਰੀ ਦਿੱਤੀ।

## 9 ਅਗਸਤ ਦੇ ਸੈਸ਼ਨ

ਤੀਜੇ ਦਿਨ 9 ਅਗਸਤ ਦੇ ਸਮਾਗਮ ਦਾ ਆਰੰਭ ਸਾਧੂ ਵਲੋਂ 6 ਅਗਸਤ ਨੂੰ ਹੀਰੋਸ਼ੀਮਾ ਤੇ 9 ਅਗਸਤ 1945 ਨੂੰ ਨਾਗਾਸਾਕੀ ਉੱਪਰ ਅਮਰੀਕਾ ਵਲੋਂ ਐਟਮ ਬੰਬ ਸੁੱਟੇ ਜਾਣ ਦੇ ਕਾਰਨ ਮਾਰੇ ਗਏ ਲੱਖਾਂ ਬੇਗੁਨਾਹ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਨਾਲ ਹੋਇਆ।

ਸਾਧੂ ਨੇ ਪੰਜਾਬੀ ਲੇਖਕ ਮੰਚ ਵਲੋਂ ਸੰਸਾਰ ਉਪਰੋਂ ਐਟਮੀ ਹਥਿਆਰਾਂ ਦੇ ਮੁਕੰਮਲ ਖਾਤਮੇਂ, ਸੰਸਾਰ ਅਮਨ ਲਈ ਮਨੁੱਖਤਾ ਦੀ ਤੀਬਰ ਇੱਛਾ ਅਤੇ ਭਾਰਤੀ ਲੋਕਾਂ ਵਲੋਂ ਸਾਲਾਨਾ ਅਮਨ ਮਾਰਚਾਂ ਵਿਚ ਵੱਧ ਚੜ੍ਹ ਕੇ ਭਾਗ ਲੈਣ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੰਗੀ ਸਾਜ਼ੋ ਸਾਮਾਨ ਉੱਪਰ ਕੀਤੇ ਜਾਂਦੇ ਅਰਬਾਂ-ਖਰਬਾਂ ਡਾਲਰ ਗਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਦੇ ਖਾਤਮੇਂ ਲਈ ਖਰਚ ਕੀਤੇ ਜਾਣੇ ਚਾਹੀਦੇ ਹਨ। ਹਾਜ਼ਰ ਦਰਸ਼ਕਾਂ ਨੇ ਮੌਨ ਧਾਰ ਕੇ ਸਾਧੂ ਵਲੋਂ ਪੇਸ਼ ਕੀਤੇ ਵਿਚਾਰਾਂ ਦੀ ਪ੍ਰਵਾਨਗੀ ਦਿੱਤੀ।

ਤੀਜਾ ਸੈਸ਼ਨ ਸੁਰਜੀਤ ਕਲਸੀ ਦੀ ਪ੍ਰਧਾਨਗੀ ਹੇਠ ਆਰੰਭ ਹੋਇਆ। ਜਿਸ ਵਿਚ ਕੈਨੇਡੀਅਨ ਪੰਜਾਬੀ ਪੱਤਰਕਾਰੀ—ਅਮਰਜੀਤ ਸੂਫ਼ੀ, ਕੈਨੇਡਾ ਦੇ ਪੰਜਾਬੀ ਸਾਹਿਤ ਵਿਚ ਸੰਵਾਦ ਦੀ ਸਮੱਸਿਆ—ਸੁਖਿੰਦਰ (ਲੰਡਨ, ਓਂਟੇਰੀਓ) ਅਤੇ ਕੈਨੇਡਾ ਵਿਚ ਪੰਜਾਬੀ ਭਾਸ਼ਾ ਦਾ ਭਵਿੱਖ—ਬਲਬੀਰ ਮੋਮੀ (ਇਹ ਪਰਚਾ ਨਵਤੇਜ ਭਾਰਤੀ ਨੇ ਪੇਸ਼ ਕੀਤਾ) ਦੇ ਖੋਜ ਪੱਤਰ ਵਿਚਾਰੇ ਗਏ। ਇਨ੍ਹਾਂ ਦੇ ਮੌਡਰੇਟਰ ਕਰਮਵਾਰ ਸ਼ਮਸ਼ੇਰ ਸਿੰਘ ਕੰਗ (ਸੁਕੈਮਿਸ਼), ਅਵਤਾਰ ਰੋਡੇ (ਕੁਨੈਲ) ਅਤੇ ਗੁਰਚਰਨ ਟੱਲੇਵਾਲੀਆ ਸਨ।

ਚੌਥਾ ਸੈਸ਼ਨ ਸੁਖਿੰਦਰ (ਲੰਡਨ, ਓਂਟੇਰੀਓ) ਦੀ ਪ੍ਰਧਾਨਗੀ ਹੇਠ ਹੋਇਆ। ਜਿਸ ਵਿਚ ਅਜੋਕੀਆਂ ਸਮਾਜਕ ਸਥਿਤੀਆਂ ਅਤੇ ਕੈਨੇਡੀਅਨ ਪੰਜਾਬੀ ਲੇਖਕ—ਸੁਖਵੰਤ ਹੁੰਦਲ, ਕੈਨੇਡੀਅਨ ਪੰਜਾਬੀ ਨਾਟਕ—ਅਜਮੇਰ ਰੋਡੇ, ਅਤੇ ਕੈਨੇਡਾ ਵਿਚ ਪੰਜਾਬੀ ਸਭਿਆਚਾਰ—ਸਾਧੂ ਵਲੋਂ ਪੇਸ਼ ਕੀਤੇ ਗਏ। ਇਨ੍ਹਾਂ ਦੇ ਕਰਮਵਾਰ ਮੌਡਰੇਟਰ ਤੇਜ ਸੰਧੂ (ਕੁਨੈਲ) ਕੁਲਵੰਤ ਢੱਲਾ (ਵਿਨੀਪੈਗ) ਅਤੇ ਬਲਦੇਵ ਦੂਹੜੇ ਸਨ।

ਉਪਰੋਕਤ ਸਾਰੇ ਸੈਸ਼ਨਾਂ ਵਿਚ ਲੇਖਕਾਂ ਅਤੇ ਦਰਸ਼ਕਾਂ ਨੇ ਬੜੀ ਸੰਜੀਦਗੀ ਨਾਲ ਬਹਿਸਾਂ ਵਿਚ ਹਿੱਸਾ ਲਿਆ। ਕਈ ਦਰਸ਼ਕਾਂ ਦਾ ਵਿਚਾਰ ਸੀ ਕਿ ਇਨ੍ਹਾਂ ਬਹਿਸਾਂ ਦਾ ਪੱਧਰ ਯੂਨੀਵਰਸਿਟੀਆਂ ਅਤੇ ਹੋਰਨਾਂ ਸਾਹਿਤਕ ਸਮਾਗਮਾਂ ਵਿਚ ਹੁੰਦੇ ਚੰਗੇ ਸੈਮੀਨਾਰਾਂ ਦੀ ਪੱਧਰ ਦਾ ਸੀ। ਹਰ ਪਰਚੇ ਉੱਪਰ ਅੱਠ ਤੋਂ ਬਾਰਾਂ ਵਿਅਕਤੀਆਂ

ਨੇ ਵਿਚਾਰ ਵਟਾਂਦਰੇ ਵਿਚ ਸਜੀਵ ਭਾਗ ਲਿਆ।

9 ਅਗਸਤ ਦੀ ਸ਼ਾਮ ਨੂੰ ਇੱਕ ਕਵੀ ਦਰਬਾਰ ਸ੍ਰੀ ਫ਼ਖ਼ਰ ਜ਼ਮਾਨ ਦੀ ਪ੍ਰਧਾਨਗੀ ਹੇਠ ਹੋਇਆ। ਸਟੇਜ ਦੀ ਕਾਰਵਾਈ ਗੁਰਚਰਨ ਰਾਮਪੁਰੀ ਨੇ ਨਿਭਾਈ। ਇਸ ਵਿਚ ਸਰਵ ਸ੍ਰੀ ਕਰਮਜੀਤ ਗਰੇਵਾਲ, ਗੁਰਦੇਵ ਸਿੰਘ ਮਸਤਾਨਾ, ਬਲਵਿੰਦਰ ਰੋਡੇ, ਇਕਬਾਲ ਸੁਮਲ, ਮੁਹਿੰਦਰ ਸੂਮਲ, ਸੁਰਿੰਦਰ ਧੰਜਲ, ਨਵਤੇਜ ਭਾਰਤੀ, ਸੁਖਿੰਦਰ, ਕੁਲਵੰਤ ਢੱਲਾ, ਮੇਜਰ ਹਜ਼ਾਰਾ ਸਿੰਘ, ਸ਼ਾਹਗੀਰ ਗਿੱਲ, ਅਵਤਾਰ ਸਿੰਘ ਗਿੱਧਾ, ਸ਼ਮਸ਼ੇਰ ਸਿੰਘ ਕੰਗ, ਸਾਧੂ, ਗੁਰਚਰਨ ਰਾਮਪੁਰੀ, ਫ਼ਖ਼ਰ ਜ਼ਮਾਨ ਨੇ ਆਪਣੇ ਗੀਤ ਅਤੇ ਕਵਿਤਾਵਾਂ ਸੁਣਾ ਕੇ ਹਿੱਸਾ ਲਿਆ। ਇਸ ਕਵੀ ਦਰਬਾਰ ਦੀ ਅੰਤਮ ਪੇਸ਼ਕਾਰੀ : ਸੁਰਿੰਦਰ ਧੰਜਲ ਅਤੇ ਨਵਤੇਜ ਭਾਰਤੀ ਵਲੋਂ ਰਵਾਇਤੀ ਕਵੀਸ਼ਰੀ ਦਾ ਸਾਰੇ ਦਰਸ਼ਕਾਂ ਨੇ ਲੰਬੀਆਂ ਤਾੜੀਆਂ ਮਾਰ ਕੇ ਸੁਆਗਤ ਕੀਤਾ।

## ਪਲੈਨਰੀ ਸੈਸ਼ਨ

ਕਵੀ ਦਰਬਾਰ ਦੀ ਸਮਾਪਤੀ ਤੋਂ ਮਗਰੋਂ ਇਕ ਪਲੈਨਰੀ ਸੈਸ਼ਨ ਹੋਇਆ। ਇਸ ਸੈਸ਼ਨ ਦੀ ਕਾਰਵਾਈ ਸੁਖਵੰਤ ਹੁੰਦਲ ਨੇ ਨਿਭਾਈ। ਇਸ ਵਿੱਚ ਬਾਹਰੋਂ ਆਏ ਲੇਖਕਾਂ ਨੇ ਕਾਨਫਰੰਸ ਸੰਬੰਧੀ ਆਪਣੇ ਪ੍ਰਭਾਵ ਦੱਸੇ ਅਤੇ ਅਗੋਂ ਹੋਣ ਵਾਲੀ ਕਿਸੇ ਹੋਰ ਕਾਨਫਰੰਸ ਲਈ ਆਪਣੇ ਸੁਝਾਓ ਪੇਸ਼ ਕੀਤੇ।

ਕਾਨਫਰੰਸ ਬਾਰੇ ਸਭ ਦਾ ਨਿਸ਼ਚਿਤ ਅਤੇ ਦ੍ਰਿੜ ਪ੍ਰਭਾਵ ਇਹ ਸੀ ਕਿ ਕਾਨਫਰੰਸ ਹਰ ਪੱਖੋਂ ਪੂਰੇ ਤੌਰ ਉਪਰ ਸਫਲ ਰਹੀ ਹੈ।

ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਮੈਂਬਰ ਇਸ ਸਫ਼ਲਤਾ ਉਪਰ ਅਤਿਅੰਤ ਖ਼ੁਸ਼ ਸਨ ਅਤੇ ਇਕ ਦੂਜੇ ਨੂੰ ਗਲਵਕੜੀ ਪਾ ਪਾ ਕੇ ਵਧਾਈ ਦੇ ਰਹੇ ਸਨ।

ਅਜਮੇਰ ਰੋਡੇ ਨੇ ਪੰਜਾਬੀ ਲੇਖਕ ਮੰਚ ਦੀ ਕੈਨੇਡਾ ਵਿਚ ਹੋਈ ਪਹਿਲੀ ਪੰਜਾਬੀ ਸਾਹਿਤਕ ਕਾਨਫਰੰਸ, ਜੋ ਕਿ ਅਮਲੀ ਰੂਪ ਵਿਚ ਉੱਤਰੀ ਅਮਰੀਕਾ ਮਹਾਂਦੀਪ ਦੀ ਪਹਿਲੀ ਤੇ ਮਹੱਤਵਪੂਰਨ ਕਾਨਫਰੰਸ ਸੀ, ਦੀ ਤਿਆਰੀ ਅਤੇ ਸਿਰੇ ਚਾੜ੍ਹਨ ਵਿਚ ਜਿਨ੍ਹਾਂ ਸਹਿਯੋਗੀਆਂ ਨੇ ਸਹਾਇਤਾ ਕੀਤੀ ਉਨ੍ਹਾਂ ਦਾ ਧੰਨਵਾਦ ਕੀਤਾ।

ਵੀਡੀਓ ਟੇਪ, ਮੂਵੀ ਤੇ ਫੋਟੋਆਂ ਲਈ—ਭੁਪਿੰਦਰ ਧਾਲੀਵਾਲ, ਕੈਸਟ ਰੀਕਾਰਡਿੰਗ ਲਈ—ਸੁਖਵੰਤ ਹੁੰਦਲ, ਤਸਵੀਰਾਂ ਲਈ ਪੈਨਲ ਬੋਰਡ—ਇੰਦਰਜੀਤ ਰੋਡੇ, ਬਲਵਿੰਦਰ ਰੋਡੇ, ਪੇਂਟਿੰਗਜ਼ ਤੇ ਕਾਰਟੂਨ—ਰਾਜ ਸੂਮਲ, ਕਿਚਨ ਹੈਲਪ—ਗੁਰਮੇਲ ਕੌਰ ਦਿਓਲ, ਅੰਮ੍ਰਿਤ ਮਾਨ, ਜਗਦੀਸ਼ ਬਿਨਿੰਗ, ਨਛੱਤਰ ਕੌਰ, ਕਰਮਜੀਤ ਸਿੱਧੂ, ਚਰਨਜੀਤ ਗਿੱਲ, ਵਲੰਟੀਅਰਜ਼—ਭਾਵਨਾ ਭੰਗੂ, ਕੈਮ, ਸੰਤੋਸ਼ ਗਿੱਲ, ਗੁਰਵਿੰਦਰ ਉਪਲ, ਸੁਰਤੀ ਤੇ ਪਿੰਕੀ, ਬੈਨਰਾਂ ਲਈ—ਗੁਰਮੀਤ ਉਪਲ, ਜਸਵਿੰਦਰ ਉਪਲ, ਗੁਰਚਰਨ ਟੱਲੇਵਾਲੀਆ, ਸਾਊਂਡ ਸਿਸਟਮ—ਪਾਲ ਬਿਨਿੰਗ, ਮੱਛੀ—ਸ਼ਾਹਗੀਰ ਗਿੱਲ, ਮਠਿਆਈ—ਬੰਬੇ ਸਵੀਟਸ, ਇਸ਼ਤਿਹਾਰਾਂ ਲਈ—ਕੈਨੇਡਾ



ਦਰਪਣ, ਲੋਕਤਾ, ਕਲਾਰਨੀ ਕਮਿਊਨਿਟੀ ਸੈਂਟਰ ਦੇ ਪ੍ਰਬੰਧਕਾਂ ਅਤੇ ਕੋਆਪ ਰੇਡੀਓ ਦਾ ਧੰਨਵਾਦ ਕੀਤਾ ਗਿਆ।

ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਕਾਨਫਰੰਸ ਲਈ ਮਾਲੀ ਸਹਾਇਤਾ ਦਿੱਤੀ।

ਪਲੈਨਰੀ ਸੈਸ਼ਨ ਦੇ ਅੰਤ ਉਪਰ ਪੰਜਾਬੀ ਲੇਖਕ ਮੰਚ ਵਲੋਂ ਸੂਫੀ ਅਮਰਜੀਤ ਨੇ ਹੇਠ ਲਿਖੇ ਮਤੇ ਪੇਸ਼ ਕੀਤੇ ਜੋ ਕਿ ਸਰਬਸੰਮਤੀ ਨਾਲ ਤਾੜੀਆਂ ਮਾਰ ਕੇ ਪਾਸ ਕੀਤੇ ਗਏ।

## ਪੰਜਾਬੀ ਦੀ ਪੜ੍ਹਾਈ ਦੀ ਮੰਗ ਬਾਰੇ ਮਤਾ

ਪਹਿਲੀ ਕੈਨੇਡੀਅਨ ਪੰਜਾਬੀ ਸਾਹਿਤਕ ਕਾਨਫਰੰਸ ਕੈਨੇਡਾ ਸਰਕਾਰ, ਸੂਬਿਆਂ ਅਤੇ ਮਿਊਂਮਪਲ ਪੱਧਰ ਦੀਆਂ ਸਰਕਾਰਾਂ ਤੋਂ ਮੰਗ ਕਰਦੀ ਹੈ ਕਿ ਕੈਨੇਡਾ ਵਿਚ ਸਾਡੀ ਭਾਰਤੀ-ਪੰਜਾਬੀ ਕਮਿਊਨਿਟੀ ਦੀ ਵਸੋਂ ਤਿੰਨ ਲੱਖ ਦੇ ਕਰੀਬ ਹੈ। ਅਸੀਂ ਏਥੇ ਆਪਣੀ ਸਭਿਅਤਾ ਨੂੰ ਕਾਇਮ ਰੱਖਦੇ ਹੋਏ, ਕੈਨੇਡੀਅਨ ਕਮਿਊਨਿਟੀ ਵਿਚ ਚੰਗੇਰਾ ਜੀਵਨ ਬਸਰ ਕਰਨ ਲਈ ਆਪਣਾ ਭਰਪੂਰ ਹਿੱਸਾ ਪਾਉਣਾ ਚਾਹੁੰਦੇ ਹਾਂ। ਅਸੀਂ ਇਸ ਆਸ਼ੇ ਲਈ ਮੰਗ ਕਰਦੇ ਹਾਂ ਕਿ ਸਾਡੀ ਬੋਲੀ ਪੰਜਾਬੀ ਦੀ ਪੜ੍ਹਾਈ ਲਈ ਸਰਕਾਰੀ ਤੌਰ ਉਪਰ ਸਕੂਲਾਂ ਵਿਚ ਸਹੂਲਤਾਂ ਦਿੱਤੀਆਂ ਜਾਣ। ਅਸੀਂ ਮੰਗ ਕਰਦੇ ਹਾਂ ਕਿ ਜਿਸ ਸਕੂਲ ਵਿਚ ਦਸ ਜਾਂ ਇਸ ਤੋਂ ਵੱਧ ਪੰਜਾਬੀ ਬੱਚੇ ਹੋਣ, ਉਥੇ ਪੰਜਾਬੀ ਬੋਲੀ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ।

ਸਾਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਓਂਟੇਰੀਓ ਸਰਕਾਰ ਨੇ ਪੰਜਾਬੀ ਪੜ੍ਹਾਈ ਬਾਰੇ ਕਦਮ ਪੁੱਟੇ ਹਨ, ਜਿਸ ਦੀ ਅਸੀਂ ਸ਼ਲਾਘਾ ਕਰਦੇ ਹਾਂ।

ਅੱਜ ਦੀ ਕਾਨਫਰੰਸ ਆਸ ਰੱਖਦੀ ਹੈ ਕਿ ਫੈਡਰਲ ਤੇ ਦੂਜੀ ਪੱਧਰ ਦੀਆਂ ਸਰਕਾਰਾਂ ਸਾਡੀ ਇਸ ਜਮਹੂਰੀ ਮੰਗ ਨੂੰ ਪਰਵਾਨ ਕਰਨਗੀਆਂ।

## ਕੈਨੇਡਾ ਵਿਚ ਪੰਜਾਬੀ ਸਾਹਿਤ ਨੂੰ ਮਾਨਤਾ ਦੇਣ ਬਾਰੇ ਮਤਾ

ਪੰਜਾਬੀ ਲੇਖਕ ਮੰਚ ਵੈਨਕੂਵਰ, ਆਪਣੀ ਪਹਿਲੀ ਕੈਨੇਡੀਅਨ ਪੰਜਾਬੀ ਸਾਹਿਤਕ ਕਾਨਫਰੰਸ ਵਿਚ ਇਹ ਮੰਗ ਪੇਸ਼ ਕਰਦਾ ਹੈ ਕਿ ਕੈਨੇਡਾ ਦੀ ਫੈਡਰਲ ਸਰਕਾਰ ਦਾ ਮਲਟੀਕਲਚਰਲ ਮਹਿਕਮਾ ਅਤੇ Writers Union of Canada, ਕੈਨੇਡੀਅਨ ਪੰਜਾਬੀ ਸਾਹਿਤ ਨੂੰ ਪੂਰੀ ਮਾਨਤਾ ਦੇਵੇ ਅਤੇ ਕੈਨੇਡਾ ਦੀ ਮੁਖ ਧਾਰਾ ਸਾਹਿਤ ਦਾ ਅੰਗ ਪਰਵਾਨ ਕਰੇ।

## ਦੋ ਲਿੱਪੀਆਂ ਬਾਰੇ ਮਤਾ

ਪੰਜਾਬੀ ਲੇਖਕ ਮੰਚ ਵੈਨਕੂਵਰ (ਬੀ. ਸੀ. ਕੈਨੇਡਾ) ਵਲੋਂ ਕਰਵਾਈ ਗਈ

ਪਹਿਲੀ ਕੈਨੇਡੀਅਨ ਪੰਜਾਬੀ ਲੇਖਕ ਕਾਨਫਰੰਸ ਇਹ ਵਿਚਾਰ ਪੂਰੇ ਜ਼ੋਰ ਨਾਲ ਪਰਗਟ ਕਰਦੀ ਹੈ ਕਿ ਅੱਜ ਪਾਕਿਸਤਾਨੀ ਅਤੇ ਭਾਰਤੀ ਪੰਜਾਬੀ ਇੱਕ ਹਕੀਕਤ ਹਨ, ਜਿਸ ਨੂੰ ਹਰ ਇੱਕ ਨੇ ਮਾਨਤਾ ਦਿੱਤੀ ਹੋਈ ਹੈ ।

ਕਾਨਫਰੰਸ ਇਹ ਨੋਟ ਕਰਦੀ ਹੈ ਕਿ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਬੋਲੀ ਨੂੰ ਰਾਜ ਪੱਧਰ ਦੀ ਬੋਲੀ ਦੇ ਤੌਰ ਉਪਰ ਮਾਨਤਾ ਨਹੀਂ ਮਿਲੀ ਹੋਈ। ਪਾਕਿਸਤਾਨੀ ਸਰਕਾਰ ਨੇ ਪੰਜਾਬੀ ਨੂੰ ਐਮ. ਏ. ਤੋਂ ਹੇਠਾਂ ਨੂੰ ਸ਼ੁਰੂ ਕਰਕੇ ਅੱਠਵੀਂ ਤੇ ਪਹੁੰਚ ਕੇ ਇਸ ਤੇ ਰੋਕ ਲਾ ਦਿੱਤੀ ਹੈ। ਫਿਰ ਵੀ ਪਾਕਿਸਤਾਨੀ ਪੰਜਾਬੀ ਲੇਖਕ ਇਸ ਵਿੱਚ ਆਪਣੀਆਂ ਰਚਨਾਵਾਂ ਰਚ ਰਹੇ ਹਨ, ਜੋ ਕਿ ਫਾਰਸੀ ਵਿਚ ਲਿਖੀਆਂ ਹੁੰਦੀਆਂ ਹਨ ।

ਏਧਰ ਭਾਰਤ ਵਾਲੇ ਪੰਜਾਬ ਵਿਚ ਪੰਜਾਬੀ ਪਹਿਲੀ ਜਮਾਤ ਤੋਂ ਯੂਨੀਵਰਸਿਟੀ ਤਕ ਪੜ੍ਹਾਈ ਦਾ ਜ਼ਰੀਆ ਵੀ ਹੈ ਅਤੇ ਰਾਜ ਭਾਸ਼ਾ ਦੇ ਤੌਰ ਉਪਰ ਪਰਵਾਨ ਵੀ ਹੋ ਚੁੱਕੀ ਹੈ, ਭਾਵੇਂ ਕਿ ਇਸ ਨੂੰ ਸਰਕਾਰੀ ਕੰਮਾਂ ਵਿਚ ਪੂਰੀ ਤਰ੍ਹਾਂ ਅਮਲ ਵਿਚ ਨਹੀਂ ਲਿਆਂਦਾ ਜਾ ਰਿਹਾ, ਜੋ ਕਿ ਲਿਆਂਦਾ ਜਾਣਾ ਚਾਹੀਦਾ ਹੈ। ਭਾਰਤੀ ਪੰਜਾਬ ਵਿਚ ਪੰਜਾਬੀ ਗੁਰਮੁਖੀ ਲਿਪੀ ਵਿਚ ਲਿਖੀ ਜਾਂਦੀ ਹੈ ।

ਅਸੀਂ ਦੋ ਪੰਜਾਬ, ਇੱਕ ਬੋਲੀ ਅਤੇ ਦੋ ਲਿਪੀਆਂ ਦੀ ਹਕੀਕਤ ਨੂੰ ਦੇਖ ਰਹੇ ਹਾਂ। ਅੱਜ ਦੀ ਇਹ ਕਾਨਫਰੰਸ ਦੋਵਾਂ ਪੰਜਾਬਾਂ ਦੇ ਪੰਜਾਬੀ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਪਾਕਿਸਤਾਨੀ ਪੰਜਾਬ ਦੇ ਲੋਕ ਫਾਰਸੀ ਦੇ ਨਾਲ ਗੁਰਮੁਖੀ ਲਿਪੀ ਵੀ ਸਿੱਖਣ ਅਤੇ ਭਾਰਤੀ ਪੰਜਾਬ ਦੇ ਲੋਕ ਗੁਰਮੁਖੀ ਦੇ ਨਾਲ ਫਾਰਸੀ ਲਿਪੀ ਵੀ ਸਿੱਖਣ। ਇਸ ਤਰ੍ਹਾਂ ਦੋਵਾਂ ਪੰਜਾਬਾਂ ਦੀਆਂ ਬੋਲੀਆਂ ਇੱਕ ਦੂਜੇ ਦੇ ਨੇੜੇ ਆਉਣਗੀਆਂ ਅਤੇ ਲੋਕ ਵਧੇਰੇ ਸਾਹਿਤ ਪੜ੍ਹ ਸਕਣਗੇ ਜੋ ਕਿ ਉਨ੍ਹਾਂ ਦੇ ਸਭਿਆਚਾਰਕ ਵਿਕਾਸ ਦੀ ਰਫ਼ਤਾਰ ਨੂੰ ਇਕ ਰੂਪ ਕਰਦਾ ਹੋਇਆ ਹੋਰ ਅੱਗੇ ਤੋਰੇਗਾ।

ਅਸੀਂ ਇਹ ਮੰਗ ਕਰਦੇ ਹਾਂ ਕਿ ਪਾਕਿਸਤਾਨ ਅਤੇ ਭਾਰਤ ਦੀਆਂ ਸਰਕਾਰਾਂ ਸਕੂਲਾਂ ਵਿਚ ਇਨ੍ਹਾਂ ਲਿਪੀਆਂ ਦੀ ਪੜ੍ਹਾਈ ਕਰਵਾਉਣ ਦਾ ਪ੍ਰਬੰਧ ਕਰਨ ਦੀ ਜ਼ਿੰਮੇਂਵਾਰੀ ਲੈਣ।

## ਪਾਕਿਸਤਾਨ ਵਿਚ ਪੰਜਾਬੀ ਬਾਰੇ ਮਤਾ

ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਬੁਲਾਈ ਗਈ ਪਹਿਲੀ ਗੈਨੇਡੀਅਨ ਸਾਹਿਤਕ ਕਾਨਫ਼ਰੰਸ ਪਾਕਿਸਤਾਨ ਦੀ ਸਰਕਾਰ ਤੋਂ ਮੰਗ ਕਰਦੀ ਹੈ ਕਿ ਪਾਕਿਸਤਾਨ ਦੀ ਸਾਢੇ ਪੰਜ ਕਰੋੜ ਵਸੋਂ ਦੀ ਬੋਲੀ ਪੰਜਾਬੀ ਨੂੰ ਸਕੂਲਾਂ ਵਿਚ ਪੜ੍ਹਾਈ ਦਾ ਜ਼ਰੀਆ ਪਰਵਾਨ ਕਰੇ। ਇਹ ਬੜੀ ਹੀ ਹੈਰਾਨੀ ਦੀ ਗੱਲ ਹੈ ਕਿ ਪਾਕਿਸ਼ਤਾਨ ਦੇ ਬਾਕੀ ਤਿੰਨਾਂ ਸੂਬਿਆਂ ਸਿੰਧ, ਬੋਲਚਿਸਤਾਨ ਅਤੇ ਸੂਬਾ ਸਰਹੱਦ ਦੇ ਲੋਕ ਤਾਂ ਆਪਣੀਆਂ ਬੋਲੀਆਂ ਦੀ ਵਰਤੋਂ ਕਰ ਰਹੇ ਹਨ ਪਰ ਦੁੱਖ ਦੀ ਗੱਲ ਹੈ ਕਿ ਕਰੋੜਾਂ



ਪਾਕਿਸਤਾਨੀ ਪੰਜਾਬੀ ਲੋਕ ਪੰਜਾਬੀ ਬੋਲੀ ਦੀ ਮਹਾਨਤਾ ਨੂੰ ਸਮਝ ਨਹੀਂ ਰਹੇ। ਹੋਰ ਵੀ ਸਿਤਮ ਵਾਲੀ ਗੱਲ ਹੈ ਕਿ ਪਾਕਿਸਤਾਨ ਦੀ ਸਰਕਾਰ ਉਪਰ ਪੰਜਾਬ ਦੇ ਲੋਕ ਹੀ ਹਾਕਮ ਹਨ ਜੋ ਪੰਜਾਬੀ ਨੂੰ ਉਸ ਦਾ ਯੋਗ ਥਾਂ ਦੁਆਉਣ ਲਈ ਕੋਸ਼ਿਸ਼ ਕਰ ਰਹੇ ਹਨ, ਉਹ ਸਰਕਾਰ ਦੀ ਨਜ਼ਰ ਵਿਚ ਦੇਸ਼-ਵਿਰੋਧੀ ਸਮਝੇ ਜਾਂਦੇ ਹਨ।

ਅਸੀਂ ਪਾਕਿਸਤਾਨੀ ਸਰਕਾਰ ਤੋਂ ਜ਼ੋਰਦਾਰ ਸ਼ਬਦਾਂ ਵਿਚ ਮੰਗ ਕਰਦੇ ਹਾਂ ਕਿ ਉਹ ਪੰਜਾਬੀ ਬੋਲੀ ਨੂੰ ਦਬਾਉਣ ਵਾਲੀ ਆਪਣੀ ਗ਼ਲਤ ਨੀਤੀ ਨੂੰ ਤਿਆਗੇ। ਪਾਕਿਸਤਾਨ ਸਰਕਾਰ ਦੀ ਇਹ ਪੰਜਾਬੀ ਵਿਰੋਧੀ ਨੀਤੀ ਪੰਜਾਬੀ ਲੋਕਾਂ ਦੀ ਜ਼ਿਹਨੀ ਤਰੱਕੀ ਨੂੰ ਰੋਕਦੀ ਹੈ। ਇਸ ਤਰ੍ਹਾਂ ਪੰਜਾਬੀ ਲੋਕਾਂ ਨੂੰ ਅਮੀਰ-ਸਭਿਆਚਾਰਕ ਵਿਰਸੇ ਨਾਲੋਂ ਤੋੜਨ ਲਈ ਜ਼ਿੰਮੇਵਾਰ ਸਿੱਧ ਹੋ ਰਹੀ ਹੈ।

## ਪਹਿਲੀ ਆਲਮੀ ਪੰਜਾਬੀ ਅਦਬੀ ਕਾਨਫ਼ਰੰਸ ਲਾਹੌਰ 1986 ਬਾਰੇ ਮਤਾ

ਅੱਜ ਦੀ ਇਹ ਵੈਨਕੂਵਰ ਕੈਨੇਡਾ ਵਿਚ ਹੋਈ ਪਹਿਲੀ ਕੈਨੇਡੀਅਨ ਪੰਜਾਬੀ ਸਾਹਿਤਕ ਕਾਨਫ਼ਰੰਸ, 1986 ਵਿਚ ਹੋਈ ਪਹਿਲੀ ਆਲਮੀ ਪੰਜਾਬੀ ਅਦਬੀ ਕਾਨਫ਼ਰੰਸ ਲਾਹੌਰ ਵਲੋਂ ਜਾਰੀ ਕੀਤੇ ਐਲਾਨਨਾਮੇ ਦਾ ਪੂਰੇ ਜ਼ੋਰ ਨਾਲ ਸਮਰਥਨ ਕਰਦੀ ਹੈ, ਜੋ ਕਿ ਮਨੁੱਖਤਾ ਦੀ ਭਲਾਈ ਲਈ, ਸੰਸਾਰ ਅਮਨ ਲਈ, ਸਾਹਿਤ ਦੇ ਅਗਾਂਹ ਵਧੂ ਰੋਲ ਲਈ, ਧਰਮ ਨਿਰਪੱਖਤਾ ਲਈ, ਸਾਮਰਾਜੀ ਲੁਟ ਦੇ ਅੰਤ ਲਈ, ਸਮਾਜਵਾਦ ਦੀ ਜਿੱਤ ਲਈ, ਅਫਗਾਨਿਸਤਾਨ ਦੇ ਇਨਕਲਾਬ ਵਿਰੁੱਧ ਪਾਕਿਸਤਾਨ ਨੂੰ ਅੱਡਾ ਬਣਾ ਕੇ ਅਮਰੀਕੀ ਸਾਮਰਾਜ ਦੀ ਸਾਜ਼ਿਸ਼ ਵਿਰੁੱਧ ਵਰਤੇ ਜਾਣ ਲਈ, ਪਾਕਿਸਤਾਨੀ ਲੋਕਾਂ ਦੇ ਜਮਹੂਰੀ ਹੱਕਾਂ ਲਈ ਪਾਕਿਸਤਾਨ ਦੀਆਂ ਚਾਰੇ ਕੌਮਾਂ ਦੀ ਉਨਤੀ ਲਈ, ਉਰਦੂ ਦੇ ਦਾਬੇ ਦੇ ਖਾਤਮੇਂ ਲਈ. ਪਰ ਉਰਦੂ ਨੂੰ ਤਾਲਮੇਲ ਦੀ ਬੋਲੀ ਵਜੋਂ ਮਾਨਤਾ ਦੇਣ ਲਈ ਅਤੇ ਪਾਕਿਸਤਾਨ ਦੇ ਗੁਆਂਢੀ ਦੇਸ਼ਾਂ ਨਾਲ ਮਿੱਤਰਤਾ ਸਥਾਪਤ ਕਰਨ ਲਈ ਆਪਣੀ ਆਵਾਜ਼ ਉਚੀ ਕਰਦਾ ਹੈ।

ਅੱਜ ਦੀ ਇਹ ਕਾਨਫ਼ਰੰਸ ਪਾਕਿਸਤਾਨੀ ਪੰਜਾਬ ਦੇ ਲੋਕਾਂ ਨੂੰ ਵੀ ਅਪੀਲ ਕਰਦੀ ਹੈ ਕਿ ਉਹ ਆਪ ਪੰਜਾਬੀ ਨੂੰ ਆਪਣੀ ਮਾਂ ਬੋਲੀ ਵਜੋਂ ਅਪਨਾਉਣ ਤਾਂ ਜੋ ਉਹ ਸਭਿਆਚਾਰਕ ਵਿਰਸੇ ਦੀ ਰਾਖੀ ਕਰ ਸਕਣ, ਇਸ ਵਿਚ ਹੋਰ ਵਾਧਾ ਕਰ ਸਕਣ। ਇਸ ਲਈ ਉਨ੍ਹਾਂ ਦੀ ਏਕਤਾ ਉਸਾਰ ਕੇ ਸੰਘਰਸ਼ ਕਰਨਾ ਹੀ ਇੱਕੋ ਇਕ ਰਾਹ ਹੈ।

## ਪੰਜਾਬ ਬਾਰੇ

ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਬੁਲਾਈ ਗਈ ਪਹਿਲੀ ਕੈਨੇਡੀਅਨ ਪੰਜਾਬੀ ਲੇਖਕ ਕਾਨਫਰੰਸ ਭਾਰਤ ਸਰਕਾਰ ਤੋਂ ਜ਼ੋਰਦਾਰ ਸ਼ਬਦਾਂ ਨਾਲ ਮੰਗ ਕਰਦੀ

ਹੈ ਕਿ ਪੰਜਾਬ ਦੀ ਸਾਹਿਤਕ ਤੇ ਸਭਿਆਚਾਰਕ ਹਾਲਤ ਉਪਰ ਜੋ ਮਾਰੂ ਪ੍ਰਭਾਵ, ਪੰਜਾਬ ਦੀ ਖਰਾਬ ਹੋਈ ਚਿੰਤਾਜਨਕ ਹਾਲਤ ਦੇ ਕਾਰਨ ਪੈ ਰਹੇ ਹਨ, ਉਨ੍ਹਾਂ ਨੂੰ ਦੂਰ ਕਰਨ ਲਈ ਈਮਾਨਦਾਰੀ ਨਾਲ ਤੁਰੰਤ ਲੋੜੀਂਦੇ ਕਦਮ ਚੁੱਕੇ।

ਪੰਜਾਬ ਸਮੱਸਿਆ ਦਾ ਸਿਆਸੀ ਹਲ ਨਾ ਕਰਨ ਨਾਲ, ਪੰਜਾਬ ਵਿਚ ਖਾਸ ਕਰਕੇ ਭਾਰਤ ਭਰ ਵਿਚ ਆਮ ਕਰਕੇ, ਏਕਤਾ ਨੂੰ ਤੋੜਨ ਵਾਲੀਆਂ ਲਹਿਰਾਂ ਤਕੜੀਆਂ ਹੋਈਆਂ ਹਨ, ਇਸ ਦੀ ਜ਼ਿੰਮੇਂਵਾਰੀ ਪੂਰਨ ਤੌਰ ਉਪਰ ਕੇਂਦਰ ਸਰਕਾਰ ਦੇ ਸਿਰ ਆਉਂਦੀ ਹੈ। ਪੰਜਾਬ ਵਿਚ ਇਨ੍ਹਾਂ ਤੱਤਾਂ ਨੇ ਆਮ ਬੇਗੁਨਾਹ ਲੋਕਾਂ ਪੱਤਰਕਾਰਾਂ, ਸਾਹਿਤਕਾਰਾਂ, ਡਾਕਟਰਾਂ, ਅਧਿਆਪਕਾਂ ਆਦਿ ਦੇ ਨਿਰਦਈ ਕਤਲ ਕੀਤੇ ਹਨ, ਜਿਸ ਦੀ ਅਸੀਂ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ।

ਪੰਜਾਬ ਦੀ ਏਸ ਅਸਥਿਰਤਾ ਵਾਲੀ ਦਸ਼ਾ ਦੇ ਕਾਰਨ ਜਿਥੇ ਆਰਥਕ ਅਤੇ ਸਮਾਜਕ ਵਿਕਾਸ ਨੂੰ ਸਖਤ ਧੱਕਾ ਲੱਗਾ ਹੈ, ਉਥੇ ਪੰਜਾਬ ਦਾ ਸਭਿਆਚਾਰਕ ਸਾਹਿਤਕ ਵਿਕਾਸ ਵੀ ਰੁਕਿਆ ਹੈ। ਇਹੋ ਹੀ ਨਹੀਂ ਪੰਜਾਬ ਦੀਆਂ ਮਨੁੱਖ-ਵਾਦੀ ਪਰੰਪਰਾਵਾਂ ਅਤੇ ਸਾਹਿਤਕ ਵਿਰਸੇ ਦੀਆਂ ਪ੍ਰਾਪਤੀਆਂ ਨੂੰ ਵੱਡੀ ਢਾਅ ਲੱਗੀ ਹੈ। ਜਿਸ ਨਾਲ ਸਾਡੇ ਰਿਸ਼ੀਆਂ, ਗੁਰੂਆਂ, ਸੂਫੀਆਂ ਅਤੇ ਵਿਦਵਾਨਾਂ ਵਲੋਂ ਸਦੀਆਂ ਤੋਂ ਕਾਇਮ ਕੀਤੀਆਂ ਧਰਮ ਨਿਰਪੱਖਤਾ ਅਤੇ ਭਾਈਚਾਰਕ ਧਾਰਨਾਵਾਂ ਵੀ ਢਹਿ-ਢੇਰੀ ਹੋ ਰਹੀਆਂ ਹਨ। ਇਸ ਦਾ ਮਾਰੂ ਅਸਰ ਕੈਨੇਡਾ ਦੇ ਪੰਜਾਬੀ ਭਾਈਚਾਰੇ ਦੇ ਸਭਿਆਚਾਰਕ, ਸਾਹਿਤਕ ਅਤੇ ਸਮੁੱਚੇ ਜੀਵਨ ਉਪਰ ਵੀ ਪੈ ਰਿਹਾ ਹੈ।

ਅਸੀਂ ਸੰਸਾਰ ਭਰ ਵਿਚ ਵਸਦੇ ਪੰਜਾਬੀ ਲੋਕਾਂ ਅਤੇ ਪੰਜਾਬੀ ਲੇਖਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਪੰਜਾਬੀ ਅਤੇ ਪੰਜਾਬੀਅਤ ਦੀਆਂ ਸ਼ਾਨਦਾਰ ਇਤਿਹਾਸਕ ਕਦਰਾਂ ਕੀਮਤਾਂ ਦੀ ਰਾਖੀ ਲਈ ਖੜ੍ਹੇ ਹੋਣ। ਅਸੀਂ ਨਾਲ ਹੀ ਭਾਰਤ ਸਰਕਾਰ ਤੋਂ ਫਿਰ ਮੰਗ ਕਰਦੇ ਹਾਂ ਕਿ ਉਹ ਪੰਜਾਬ ਮਸਲੇ ਨੂੰ ਹੱਲ ਕਰਨ ਲਈ ਤੁਰੰਤ ਸਾਰੇ ਲੋੜੀਂਦੇ ਕਦਮ ਚੁਕੇ ਤਾਂ ਜੋ ਅਸੀਂ ਫੀਰੋਜ਼ਦੀਨ ਸ਼ਰਫ ਦਾ ਇਹ ਪ੍ਰਸਿਧ ਗੀਤ ਮੁੜ ਕੇ ਗਾ ਸਕੀਏ।

ਸੁਹਣਾ ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀਂ ਸਹੀਓ,
ਜਿਵੇਂ ਫੁੱਲਾਂ ਵਿਚੋਂ ਫੁੱਲ ਗੁਲਾਬ ਨੀਂ ਸਹੀਓ।

ਅੰਤ ਉਪਰ ਹਾਜ਼ਰ ਸਾਰੇ ਲੇਖਕਾਂ ਅਤੇ ਦਰਸ਼ਕਾ ਲਈ ਮੰਚ ਵਲੋਂ ਪ੍ਰੀਤੀ ਭੋਜਨ ਦਿਤਾ ਗਿਆ।

ਸਰੀ
2.9.92

—ਅਮਰਜੀਤ ਸੂਫੀ



---

# ਪੰਜਾਬੀ ਲੇਖਕ ਮੰਚ, ਵੈਨਕੂਵਰ (ਕੈਨੇਡਾ) ਦੇ ਲੇਖਕਾਂ ਤੇ ਮੈਂਬਰਾਂ ਬਾਰੇ ਜਾਣਕਾਰੀ

# ਇਸ ਸੰਗ੍ਰਹਿ ਵਿਚ ਸ਼ਾਮਿਲ ਲੇਖਕ

## ਗੁਰਚਰਨ ਰਾਮਪੁਰੀ

ਜਨਮ : 23.1.1929 ਸਥਾਨ : ਰਾਮਪੁਰ (ਦੋਰਾਹਾ)

ਕੈਨੇਡਾ ਆਮਦ : 28.11.1964 ਫੋਨ : 939-8665

**ਰਚਨਾਵਾਂ** : ਕਣਕਾਂ ਦੀ ਖੁਸ਼ਬੋ (ਕਾਵਿ-ਸੰਗ੍ਰਹਿ) o ਕੌਲ ਕਰਾਰ (ਕਾਵਿ-ਸੰਗ੍ਰਹਿ) o ਕਿਰਨਾਂ ਦਾ ਆਲ੍ਹਣਾ (ਕਾਵਿ-ਸੰਗ੍ਰਹਿ) o ਅੰਨ੍ਹੀ ਗਲੀ (ਕਾਵਿ-ਸੰਗ੍ਰਹਿ) o ਕੰਚਨੀ (ਕਾਵਿ-ਸੰਗ੍ਰਹਿ) o ਕਤਲਗਾਹ (ਕਾਵਿ-ਸੰਗ੍ਰਹਿ) o ਅਗਨਾਰ (ਪ੍ਰਕਾਸ਼ਨ ਅਧੀਨ)

ਆਡੀਓ ਟੇਪ : ਸੰਗੀਤ ਬੱਧ ਗੀਤ ਤੇ ਗ਼ਜ਼ਲਾਂ

English : Green Snow ( aetry)

**ਪਤਾ** : 1057 Walle Ave. COQUTILOM B.C. V3K 2TB Canada

## ਦਰਸ਼ਨ ਗਿੱਲ

ਜਨਮ : 4.2.1943 ਸਥਾਨ : ਢੁੱਡੀਕੇ

ਕੈਨੇਡਾ ਆਮਦ : 25.6.1972 ਫੋਨ : 582-3865

**ਰਚਨਾਵਾਂ** : ਜੰਗਲ ਦੀ ਅੱਗ (ਕਾਵਿ-ਸੰਗ੍ਰਹਿ) o ਰੂਪ ਅਰੂਪ (ਕਾਵਿ-ਸੰਗ੍ਰਹਿ) o ਖ਼ਲੀਜ (ਕਾਵਿ ਸੰਗ੍ਰਹਿ) o ਆਪਣੇ ਸਨਮੁੱਖ (ਕਾਵਿ-ਸੰਗ੍ਰਹ) o ਕਾਲਾ ਸੂਰਜ (ਕਾਵਿ-ਸੰਗ੍ਰਹਿ) o ਅੱਗ ਦਾ ਸਫ਼ਰ (ਕਾਵਿ-ਸੰਗ੍ਰਹਿ) o ਪੰਜਾਬੀ ਕਾਵਿ ਵਿਚ ਨਿਰਾਸ਼ਾਵਾਦ (ਆਲੋਚਨਾ) o ਬਲਦੇ ਬੋਲ (ਸੰਪਾ. ਕਾਵਿ ਸੰਗ੍ਰਹਿ)

**ਅਨੁਵਾਦ** : o ਜਮੀਲਾ (ਨਾਵਲ) o ਉਕਾਬ ਦੀ ਉਡਾਣ (ਕਾਵਿ-ਸੰਗ੍ਰਹਿ)

ਐਡੀਟਰ ਕੈਨੇਡਾ ਦਰਪਣ ਹਫ਼ਤਾਵਾਰੀ

ENGLISH : Man Aad The Mirror (Poems)

**ਪਤਾ** : 9970-159 A St. SURREY B.C. V4N 2K8 Canada

## ਅਜਮੇਰ ਰੋਡੇ

ਜਨਮ : 1.1.1940 ਸਥਾਨ : ਰੋਡੇ

ਕੈਨੇਡਾ ਆਮਦ : 1966 ਫੋਨ : 526-2342

**ਰਚਨਾਵਾਂ** : ਸਰਤੀ (ਕਾਵਿ ਸੰਗ੍ਰਹਿ) o ਦੂਜਾ ਪਾਸਾ (ਨਾਟਕ) o ਕਾਮਾਗਾਟਾ ਮਾਰੂ (ਨਾਟਕ) o ਵਿਸ਼ਵ ਦੀ ਨੁਹਾਰ (ਵਿਗਿਆਨਕ ਗਲਪ) o ਸ਼ੁਭ ਚਿੰਤਨ (ਕਾਵਿ-ਸੰਗ੍ਰਹਿ)

English : Blue meditations (Poetry o Poems at My Doorstep o Last Flicker (Translatians)

**ਪਤਾ** : 8737 Yarrow Place BURNABY B.C. Canada V3N 4W2

## ਸਾਧੂ

ਜਨਮ : 3.12.1947 ਸਥਾਨ : ਚਹੇੜੂ

ਕੈਨੇਡਾ ਆਮਦ : 14.10.1967 ਫੋਨ : 437-9014

**ਰਚਨਾਵਾਂ** : ਸੋਨੇ ਰੰਗੀ ਸੜਕ (ਕਾਵਿ-ਸੰਗ੍ਰਹਿ) o ਕਿਸ ਦਾ ਕਸੂਰ (ਕਹਾਣੀਆਂ) o ਰਿਸ਼ਤੇ ਦਰਿਆਵਾਂ ਦੇ (ਕਾਵਿ-ਸੰਗ੍ਰਹਿ) o ਜੰਗਲ ਦੇ ਵਿਰੁਧ (ਸੰਪਾਦਿਤ ਕਾਵਿ)

**ਸੰਪਾਦਨਾ** : ਵਤਨੋਂ ਦੂਰ (1977-82) ਵਤਨ (1989 ਤੋਂ) Ankur (1990 ਤੋਂ)

**ਪਤਾ** . 4333 Portland St. BURNABY B.C. Canada V5J 2N5

## ਸੁਰਜੀਤ ਕਲਸੀ

ਜਨਮ : ਗੁਪਤ ਸਥਾਨ : ਅੰਮ੍ਰਿਤਸਰ

ਕੈਨੇਡਾ ਆਮਦ : ਜਨਵਰੀ 1974 ਫੋਨ : 526-2342

**ਰਚਨਾਵਾਂ** : ਪੌਣਾਂ ਨਾਲ ਗੁਫ਼ਤਗੂ (ਕਾਵਿ-ਸੰਗ੍ਰਹਿ) o ਸੱਤ ਪਰਾਈਆਂ ਔਰਤਾਂ (ਕਹਾਣੀਆਂ) o ਮਹਿਲੀਂ ਵੱਸਦੀਆਂ ਧੀਆਂ (ਡਰਾਮੇ)

Englis: Speaking to the Winds (Poems), Foot Prints of Silence (Poems), Sand Scape (Poems)

**ਸੰਪਾਦਨਾ ਅਤੇ ਅਨੁਵਾਦ** : Glimpses of Punjabi Poetry o Contemporary Literature in Translation Punjabi Issue o The Toronto South Asian Review, Punjabi Literature Issue. o Saffron Leaves : An anthology of Canadian Punjabi Literature

**ਪਤਾ** : 8737 Yarrow Place BURNABY B.C. Canada V3N 4W2



## ਸੂਫ਼ੀ ਅਮਰਜੀਤ

ਜਨਮ : 7.7.1940 ਸਥਾਨ : ਬੱਸੀਆਂ

ਕੈਨੇਡਾ ਆਮਦ : 5.12.1970 ਫੋਨ : 581-7811

**ਰਚਨਾਵਾਂ** : ਹੋਂਦ ਕਥਾ (ਕਾਵਿ-ਸੰਗ੍ਰਹਿ) o ਪ੍ਰੋ: ਅਤਰ ਸਿੰਘ ਵਲੋਂ ਪੰਜਾਬੀਅਤ ਦੇ ਨਾਂ ਉੱਤੇ ਵੱਖਵਾਦ ਦੀ ਵਕਾਲਤ o ਪੰਜਾਬ ਸੰਕਟ (ਰਾਜਨੀਤਕ ਨਿਬੰਧ) o ਹੋਅ ਚੀ ਮਿੰਨ ਦਾ ਜੀਵਨ ਸੰਘਰਸ਼ (ਪ੍ਰਕਾਸ਼ਨ ਅਧੀਨ)

**ਪਤਾ** : 9936—159A St. SURREY B.C. Canada V4N 2K8

## ਮੁਹਿੰਦਰ ਸੂਮਲ

ਜਨਮ : 13.1.1947 ਸਥਾਨ : ਪੱਦੀ ਖਾਲਸਾ

ਕੈਨੇਡਾ ਆਮਦ : ਜੁਲਾਈ 1970 ਫੋਨ : 327-6461

**ਰਚਨਾਵਾਂ** : ਖੱਟਣ ਗਏ ਪਰਦੇਸ (ਲੋਕ-ਬੋਲੀਆਂ) o ਧੂੰਏ ਵਿਚ ਛੁਪੀ ਅੱਗ (ਕਾਵਿ-ਸੰਗ੍ਰਹਿ)

**ਪਤਾ** ; 1226 —E59 Ave. VANCOUVER B C. Canada

## ਮੰਗਾ ਸਿੰਘ ਬਾਸੀ

ਜਨਮ 15.2.1954 ਸਥਾਨ : ਬੀੜ ਬਾਂਸੀਆਂ

ਕੈਨੇਡਾ ਆਮਦ : 1977 ਫੋਨ : 591-7495

**ਰਚਨਾਵਾਂ** : ਬਰਫ਼ ਦਾ ਮਾਰੂਥਲ (ਕਾਵਿ-ਸੰਗ੍ਰਹਿ)

**ਪਤਾ** ; 11322-87A Ave. DELTA B.C. Canada

## ਇੰਦਰੇਸ਼

ਜਨਮ : 1.1'.1948 ਸਥਾਨ : ਪੰਡੋਰੀ ਨਿੱਝਰਾਂ

ਕੈਨੇਡਾ ਆਮਦ : ਜਨਵਰੀ, 1969 ਫੋਨ : 435-3638

**ਰਚਨਾਵਾਂ** . ਕੌੜਾ ਸ਼ਰਬਤ (ਗਜ਼ਲਾਂ)

**ਪਤਾ** : 5359 Cecil St. VANCOUVER B.C. Canada V5R 404

## ਗਿੱਲ ਮੋਰਾਂਵਾਲੀ

**ਰਚਨਾਵਾਂ** : ਗੀਤ ਮਣੀ (ਕਾਵਿ-ਸੰਗ੍ਰਹਿ) o ਹੰਝੂ ਹੌਕੇ (ਕਾਵਿ-ਸੰਗ੍ਰਹਿ)

ਜਨਮ : 20.5.1937 ਸਥਾਨ : ਮੋਰਾਂਵਾਲੀ

ਕੈਨੇਡਾ ਆਮਦ : 19.3.1970 ਫੋਨ : 980-0738

ਮੈਖ਼ਾਨਾ (ਕਾਵਿ-ਸੰਗ੍ਰਹਿ) o ਜਾਗ ਪਏ ਹਿੰਦ ਦੇ ਜਵਾਨ (ਕਾਵਿ-ਸੰਗ੍ਰਹਿ) ਆਰ ਚਾਨਣ ਪਾਰ ਚਾਨਣ (ਕਾਵਿ-ਸੰਗ੍ਰਹਿ) o ਲਲਕਾਰ (ਕਾਵਿ-ਸੰਗ੍ਰਹਿ) o ਜਿੰਦ ਬਲੇ ਅਧਮੋਈ (ਕਾਵਿ-ਸੰਗ੍ਰਹਿ) o ਚੰਬੇ ਦੀ ਡਾਲੀ (ਕਾਵਿ-ਸੰਗ੍ਰਹਿ)

o ਬੰਜਰ ਧਰਤੀ (ਕਾਵਿ-ਸੰਗ੍ਰਹਿ) o ਮਿੱਟੀ ਦੀ ਸੁਗੰਧ (ਕਾਵਿ-ਸੰਗ੍ਰਹਿ)

**ਪਤਾ** : 552E 2ND St. North VANCOUVER B.C. V7L 1E2 Canada

**ਨਰਿੰਦਰ ਬਾਈਆ ਅਰਸ਼ੀ**

ਜਨਮ : 10.10.1952 ਸਥਾਨ : ਨੰਗਲ (ਜਲੰਧਰ)

ਕੈਨੇਡਾ ਆਮਦ : 1970 ਫੋਨ : 985-0726

**ਰਚਨਾਵਾਂ** : ਚੂਰੀ (ਕਾਵਿ-ਸੰਗ੍ਰਹਿ)

**ਪਤਾ** : 1580 Dempsey Road North VANCOUVER B.C. V7K 1T1 Canada

**ਅਮਰ ਸਿੰਘ ਬੈਨੀਪਾਲ**

ਜਨਮ : 28.5 1925 ਸਥਾਨ : ਬੂਥਗੜ੍ਹ

ਕੈਨੇਡਾ ਆਮਦ : 1980 ਫੋਨ : 323-8174

**ਰਚਨਾਵਾਂ** : ਗ਼ਜ਼ਲਾਂ (ਅਪ੍ਰਕਾਸ਼ਤ)

**ਪਤਾ** : 1795 Islend Ave. VANCOUVER B.C. V5P 2S5 Canada

**ਨਰਿੰਦਰ ਭਾਗੀ**

ਜਨਮ : 4.11.1946 ਸਥਾਨ : ਨਗਰ (ਜਲੰਧਰ)

ਕੈਨੇਡਾ ਆਮਦ : ਅਕਤੂਬਰ 1971 ਫੋਨ : 439-1579

**ਰਚਨਾਵਾਂ** : ਗ਼ਜ਼ਲਾਂ (ਅਪ੍ਰਕਾਸ਼ਿਤ)

**ਪਤਾ** : 3050 School Ave. VANCOUVER B.C. Canada V5R 5M7

**ਨਦੀਮ ਪਰਮਾਰ**

ਜਨਮ : 9.6.1936 ਸਥਾਨ : ਚੱਕ 138 ਰਸਿਆਣਾ (ਲਾਇਲਪੁਰ)

ਕੈਨੇਡਾ ਆਮਦ : 9.6.1973 ਫੋਨ 298-2920

**ਰਚਨਾਵਾਂ** : ਨਦੀਮ (ਉਰਦੂ ਗ਼ਜ਼ਲ-ਸੰਗ੍ਰਹਿ) ਪ੍ਰਕਾਸ਼ਨਅਧੀਨ

**ਪਤਾ** : 5515 Woodsworth St. BURNABY B.C. Canada V5G 4M3

**ਬਲਦੇਵ ਦੂਹੜੇ**

ਜਨਮ ·

ਕੈਨੇਡਾ ਆਮਦ : ਅਪ੍ਰੈਲ 1970 ਸਥਾਨ : ਦੂਹੜੇ

ਫੋਨ : 572-3489



**ਰਚਨਾਵਾਂ** : ਕਵਿਤਾਵਾਂ, ਰਾਜਸੀ/ਸਮਾਜਕ ਲੇਖ (ਅਣ-ਪ੍ਰਕਾਸ਼ਤ)

**ਪਤਾ** : 14830 Spenser SURREY B.C. Dr. Canada V3S 7K6

**ਅਮਰਜੀਤ ਚਾਹਲ**

ਜਨਮ : 17.11.1951 ਸਥਾਨ · ਸਿੰਘਾਪੁਰ

ਕੈਨੇਡਾ ਆਮਦ : 1968 ਫੋਨ : 581-0406

**ਰਚਨਾਵਾਂ** : ਬਾਹਰੋਂ ਆਇਆ ਆਦਮੀ (ਕਹਾਣੀਆਂ)

o ਵੀਡੀਓ ਫਿਲਮਾਂ ਬਣਾਈਆਂ o ਮਸਲਾ ਰੋਟੀ ਦਾ o ਆਓ ਪੰਜਾਬੀ ਸਿਖੀਏ

**ਪਤਾ** : 14561-110Ave. SURREY B.C. Canada V3R 2A4

**ਹਰਜਿੰਦਰ ਸਿੱਧੂ**

ਜਨਮ 20.12.1952 ਸਥਾਨ : ਨਵਾਂ ਪਿੰਡ ਰਾਈਆਂ

ਕੈਨੇਡਾ ਆਮਦ : 3.11.1977 ਫੋਨ : 572-9617

**ਰਚਨਾਵਾਂ** : ਕਵਿਤਾਵਾਂ (ਅਣ-ਪ੍ਰਕਾਸ਼ਤ)

**ਪਤਾ** : 8450-140 St. SURREY B.C. Canada

**ਹਰਚੰਦ ਸਿੰਘ ਬਾਗੜੀ**

ਜਨਮ 20.8.1945 ਸਥਾਨ : ਫਰਵਾਹੀ ਬਾਗੜੀ

ਕੈਨੇਡਾ ਆਮਦ : ਅਗਸਤ 1971 ਫੋਨ : 941-4363

**ਰਚਨਾਵਾਂ** : o ਸੁਨਹਿਰੀ ਕਿਣਕੇ (ਕਾਵਿ-ਸੰਗ੍ਰਹਿ) o ਸੋਨੇ ਦਾ ਮਿਰਗ (ਕਾਵਿ-ਸੰਗ੍ਰਹਿ)

**ਪਤਾ** : 1635 Prairie Ave. Port COQUITLAM B.C. Canada V3B 1T8

**ਅਮਨਪਾਲ ਸਾਰਾ**

ਜਨਮ : 2,8.1957 ਸਥਾਨ : ਹੁਸ਼ਿਆਰਪੁਰ

ਕੈਨੇਡਾ ਆਮਦ : ਅਕਤੂਬਰ 1976 ਫੋਨ : 435-1236

**ਰਚਨਾਵਾਂ** : o ਸਰਦ ਰਿਸ਼ਤੇ (ਕਹਾਣੀ-ਸੰਗ੍ਰਹਿ) o ਕਵਿਤਾਵਾਂ (ਅਣ-ਪ੍ਰਕਾਸ਼ਤ)

o ਵੀਡੀਓ ਫਿਲਮ: ਉਹਲਾ ਵਿਚ ਹੀਰੋ ਦਾ ਰੋਲ

**ਪਤਾ** : 3722 Moscrop St, BURNABY B.C. V5G 2C8 Canada

## ਸੁਸ਼ੀਲ ਕੌਰ

ਜਨਮ : 10.9.1923 ਸਥਾਨ : ਬੰਗਾ

ਕੈਨੇਡਾ ਆਮਦ : 13.8.83 ਫੋਨ : 941-3914

**ਰਚਨਾਵਾਂ** : o ਝਰੀਟਾਂ (ਕਾਵਿ-ਸੰਗੋਹਿ) o ਮੋਮਬੱਤੀਆਂ (ਕਾਵਿ ਸੰਗ੍ਰਹਿ)

o ਪਿੱਪਲ ਪੱਤੇ (ਪ੍ਰਕਾਸ਼ਨ ਅਧੀਨ)

**ਪਤਾ** : 2559 Peregrine Place, COQUITLAM B.C. V3E 2C4 Canada.

## ਅਮਰੀਕ ਪਲਾਹੀ

ਜਨਮ : 6.4.53 ਸਥਾਨ : ਪਲਾਹੀ

ਕੈਨੇਡਾ ਆਮਦ : ਦਸੰਬਰ 1974 ਫੋਨ 589-0001

**ਰਚਨਾਵਾਂ** : ਕਵਿਤਾ (ਅਣ-ਪ੍ਰਕਾਸ਼ਿਤ)

ਗੀਤ ਆਡੀਓ ਟੇਪਾਂ o ਭੰਗੜਾ ਕੈਪਸੂਲ o ਲੌਂਗ ਸਰਵਿਸਇਜ਼ ਓਵਰ

**ਪਤਾ** : 12331—75 Ave SURREY B.C. V3W 2S7 Canada

## ਮੋਹਨ ਗਿੱਲ

ਜਨਮ 3.5.1953 ਸਥਾਨ : ਡੇਹਲੋਂ

ਕੈਨੇਡਾ ਆਮਦ ਦਸੰਬਰ 1977 ਫੋਨ : 590-0914

**ਰਚਨਾਵਾਂ** . ਗੀਤ, ਕਵਿਤਾ, ਕਹਾਣੀ (ਅਣ-ਪ੍ਰਕਾਸ਼ਿਤ)

ਗੀਤ ਆਡੀਓ ਟੇਪਾਂ o ਭੰਗੜਾ ਕੈਪਸੂਲ o ਲੌਂਗ ਸਰਵਿਸ ਇਜ਼ ਓਵਰ

**ਪਤਾ** : 12331-75 Ave. SURREY B.C. V3W 2S7 Canada

## ਮੇਜਰ ਸਿੰਘ ਰਾਏ

ਜਨਮ : .2.1946 ਸਥਾਨ : ਫੇਰੂ ਰਾਈਂ

ਕੈਨੇਡਾ ਆਮਦ 26.6.1974 ਫੋਨ : 826-5447

**ਰਚਨਾਵਾਂ** : ਕਵਿਤਾਵਾਂ

**ਪਤਾ** : 7743 Sandpiper D. MISSION B.C. V2V 4N9 Canada

## ਸੁਖਵਿੰਦਰ ਕੌਰ ਬ੍ਰਹਮ

ਜਨਮ : 6.9.1952 ਸਥਾਨ : ਜੰਡੂ ਸੰਘਾ

ਕੈਨੇਡਾ ਆਮਦ : 9.5.1976 ਫੋਨ : 432-1495/431-6716

**ਰਚਨਾਵਾਂ** : ਕਵਿਤਾਵਾਂ

**ਪਤਾ** : 5839 Boundary Road, VANCOUVER B.C. V5R 2R2 Canada



## ਸੁਖਵੰਤ ਹੁੰਦਲ

ਜਨਮ : 18.7.1956 ਸਥਾਨ : ਕਸੌਲੀ

ਕੈਨੇਡਾ ਆਮਦ : 29.5.1975 ਫੋਨ : 581--3211

**ਰਚਨਾਵਾਂ** : ਨਾਟਕ, ਲੇਖ

**ਪਤਾ** : 10636-132Nd St. SURREY B.C. V3T 3V8 Canada

## ਗੁਰਮੇਲ ਰਾਏ

ਜਨਮ : 1.1.1959 ਸਥਾਨ : ਮਾਣਕਰਾਈ

ਕੈਨੇਡਾ ਆਮਦ 24.8.1986 ਫੋਨ : 581-9799 or 531-2087

**ਰਚਨਾਵਾਂ** : ਗ਼ਜ਼ਲਾਂ

**ਪਤਾ** : 8950 crichton Drive SURREY B.C. V3V 6L7 Canada

## ਗੁਰਮੇਲ ਦਿਓਲ

ਜਨਮ : 14.1.1952 ਸਥਾਨ : ਭਿੰਡਰ ਕਲਾਂ

ਕੈਨੇਡਾ ਆਮਦ : 21.8.1971 ਫੋਨ : 327-4217

**ਰਚਨਾਵਾਂ** : ਬੋਲੀਆਂ

**ਪਤਾ** . 5791 Nanaimo St. VANCOUVER B.C. V5P 4J9 Canada

## ਗੁਰਚਰਨ ਟੱਲੇਵਾਲੀਆ

ਜਨਮ : 7.2.1957 ਸਥਾਨ : ਟੱਲੇਵਾਲ

ਕੈਨੇਡਾ ਆਮਦ : 17,10.1970 ਫੋਨ : 298-3982

**ਰਚਨਾਵਾਂ** : ਬੋਲੀਆਂ

**ਪਤਾ** : 5051 Norfolk S.T. BURNABY B.C. V5G 1E9 Canada

## ਸਤਵੰਤ ਸਿੰਘ ਅਜੀਤ

ਜਨਮ : 13.1.1918 ਸਥਾਨ : ਗੁੱਜਰਵਾਲ

ਕੈਨੇਡਾ ਆਮਦ : 30.10.1979 ਫੋਨ : 752-2074

(ਹੁਣ ਪੱਕੇ ਤੌਰ ਤੇ ਸਿੰਘਾਪੁਰ ਜਾ ਵੱਸੇ ਹਨ)

**ਰਚਨਾਵਾਂ** : ਕਵਿਤਾ ਅਤੇ ਪੱਤਰਕਾਰੀ

**ਪਤਾ** : BLK 131, YISHUN St. # 09.225 Singapore-2776

## ਕੁਝ ਹੋਰ ਸਰਗਰਮ ਲੇਖਕ/ਮੈਂਬਰ

### ਗੁਰਮੀਤ ਸਿੰਘ ਟਿਵਾਣਾ

ਜਨਮ : 5.4.1928 ਸਥਾਨ : ਹਨੂਰ
ਕੈਨੇਡਾ ਆਮਦ : ਦਸੰਬਰ 1980 ਫੋਨ : 853-9056
ਰਚਨਾ : ਉਰਦੂ ਕਵਿਤਾ, ਆਲੋਚਨਾ, ਨਿਬੰਧ
ਪਤਾ : ABBOTS FORD B.C. Canada

### ਸੋਹਣ ਸੁਰਿੰਦਰ ਸਕਰੂਲਵੀ

ਜਨਮ : 14.5.1935 ਸਥਾਨ : ਸਕਰੂਲੀ
ਕੈਨੇਡਾ ਆਮਦ : ਦਸੰਬਰ 1970 ਫੋਨ : 321-2430
ਰਚਨਾਵਾਂ : ਕਹਾਣੀਆਂ (ਪ੍ਰਕਾਸ਼ਨ ਅਧੀਨ)
ਪਤਾ : 1307-36 Ave, East, VANCOUVER B.C. V5W 1E1 Canada

### ਮੇਹਰ ਸਿੰਘ ਸੰਧੂ

ਜਨਮ 1.1.1918 ਸਥਾਨ : ਸੰਧਵਾਂ
ਕੈਨੇਡਾ ਆਮਦ : 18.5.1938 ਫੋਨ : 266-3192
ਰਚਨਾਵਾਂ : ਵਾਰਤਕ, ਆਲੋਚਨਾਤਮਕ ਨਿਬੰਧ
ਪਤਾ : 1331-49 Ave. WEST VANCOUVER B.C. V6M 2R2 Canada

### ਨਿਰਮਲ ਸਿੰਘ ਗਿੱਲ

ਜਨਮ : 25.12.1930 ਸਥਾਨ : ਪੜਾਓ ਮਹਿਣਾ
ਕੈਨੇਡਾ ਆਮਦ : 8.6.1986 ਫੋਨ : 854-3796
ਰਚਨਾਵਾਂ : ਆਲੋਚਨਾ
ਪਤਾ : 3372 Sechelt Terr. ABBOTS FORD B.C. V2T 4Z2 Canada.

### ਸੀਤਾ ਰਾਮ ਅਹੀਰ

ਜਨਮ : ਅਗਸਤ, 1946 ਸਥਾਨ : ਬਾਠ ਕਲਾਂ
ਕੈਨੇਡਾ ਆਮਦ : 1972 ਫੋਨ : 599-8927
ਰਚਨਾਵਾਂ : ਵਾਰਤਕ
ਪਤਾ : 11087-83 Ave. SURREY B.C. V3W 5T9 Canada.



### ਗੁਰਦੇਵ ਸਿੰਘ ਗਰੇਵਾਲ

ਜਨਮ : ਦਸੰਬਰ 1921 ਸਥਾਨ : ਨਾਰੰਗਵਾਲ
ਕੈਨੇਡਾ ਆਮਦ : ਦਸੰਬਰ 1934 ਫੋਨ : 325-1656
ਪਤਾ : 574 EAST 51 Ave VANCOUVER B.C. Canada.

### ਚਰਨਪ੍ਰੀਤ ਰੰਧਾਵਾ

ਜਨਮ : 19.3.1961 ਸਥਾਨ : ਸਿੱਧਵਾਂ ਕਲਾਂ
ਕੈਨੇਡਾ ਆਮਦ : ਨਵੰਬਰ, 1990 ਫੋਨ : 931-2654
ਰਚਨਾਵਾਂ : ਕਹਾਣੀ, ਕਵਿਤਾ, ਡਰਾਮਾ
ਪਤਾ : 2028 Winier Cres. COQUITLAM B.C. V3K 6T6 Canada

### ਗੁਰਚਰਨ ਸਿੰਘ ਗਿੱਲ

ਜਨਮ : 15.5.1927 ਸਥਾਨ : ਕੋਟ ਜੰਡੂ ਕੇ (ਪਾਕਿਸਤਾਨ)
ਕੈਨੇਡਾ ਆਮਦ 11.9.1990 ਫੋਨ : 594-5417
ਪਤਾ : 14191-72A Ave, SURREY B.C. Canada,

Only Title Printed at
PUNJABEE PRESS, AMRITSAR.